ੴ ਵਾਹਿਗੁਰੂ ਜੀ ਕੀ ਫ਼ਤਹ॥

# ਖ਼ਾਲਸਾ ਅਖ਼ਬਾਰ

ਸਾਵਣ-ਭਾਦੋਂ, ਸੰਮਤ ਨਾਨਕਸ਼ਾਹੀ ੫੫੮ ਅਗਸਤ 2026 ਅੰਕ ੨

ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ



www.khalsaakhbaar.com

Fore More Information
Scan linktree QR Code

## ਗੁਰੂ ਕੇ ਬਾਗ਼ ਦੇ ਮੋਰਚੇ ਦਾ ਦ੍ਰਿਸ਼




ਮੁੱਖ ਸੰਪਾਦਕ
**ਗਿਆਨੀ ਗੁਰਜੀਤ ਸਿੰਘ ਪਟਿਆਲਾ**

ਸੰਪਾਦਕ
**ਗੁਰਪ੍ਰੀਤ ਸਿੰਘ**

ਉਪ ਸੰਪਾਦਕ
**ਮੇਜਰ ਸਿੰਘ**

ਸੰਪਾਦਕ (ਅੰਗਰੇਜ਼ੀ ਸੈਕਸ਼ਨ)
**ਮਨਪ੍ਰੀਤ ਕੌਰ**

*Published by*
**TAKHAT TAJ LTD**
Company number 16282266

Our UK Bank Account Details:
Account Holder Name: TAKHAT TAJ LTD
Account Number: 50101915
Sort Code: 20-08-64

## ਸੂਹੀ ਮਹਲਾ ੫ ॥

ਸੰਤਾ ਕੇ ਕਾਰਜਿ ਆਪਿ ਖਲੋਇਆ ਹਰਿ ਕੰਮੁ ਕਰਾਵਣਿ ਆਇਆ ਰਾਮ ॥
ਧਰਤਿ ਸੁਹਾਵੀ ਤਾਲੁ ਸੁਹਾਵਾ ਵਿਚਿ ਅੰਮ੍ਰਿਤ ਜਲੁ ਛਾਇਆ ਰਾਮ ॥
ਅੰਮ੍ਰਿਤ ਜਲੁ ਛਾਇਆ ਪੂਰਨ ਸਾਜੁ ਕਰਾਇਆ ਸਗਲ ਮਨੋਰਥ ਪੂਰੇ ॥
ਜੈ ਜੈ ਕਾਰੁ ਭਇਆ ਜਗ ਅੰਤਰਿ ਲਾਥੇ ਸਗਲ ਵਿਸੂਰੇ ॥
ਪੂਰਨ ਪੁਰਖ ਅਚੁਤ ਅਬਿਨਾਸੀ ਜਸੁ ਵੇਦ ਪੁਰਾਣੀ ਗਾਇਆ ॥
ਅਪਨਾ ਬਿਰਦੁ ਰਖਿਆ ਪਰਮੇਸਰਿ ਨਾਨਕ ਨਾਮੁ ਧਿਆਇਆ ॥੧॥

(ਅੰਗ ੭੮੩)

# ਤਤਕਰਾ


| | | |
|---|---|---|
| •ਭਾਦੁਇ ਭਰਮਿ ਭੁਲਾਣੀਆ... | -ਗਿਆਨੀ ਗੁਰਜੀਤ ਸਿੰਘ ਪਟਿਆਲਾ | ੩ |
| •ਭਾਦਉ ਭਰਮਿ ਭੁਲੀ | -ਗਿਆਨੀ ਗੁਰਜੀਤ ਸਿੰਘ ਪਟਿਆਲਾ | ੪ |
| •ਆਓ, ਨਾਮ ਬਾਣੀ ਦੇ ਅਭਿਆਸ ਨਾਲ ਜੁੜੀਏ! | | ੫ |
| •ਸ੍ਰੀ ਹਰਿਕ੍ਰਿਸ਼ਨ ਧਿਆਈਐ... | -ਅੰਮ੍ਰਿਤ ਕੌਰ | ੮ |
| •ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪੂਰਨਤਾ | -ਗਿਆਨੀ ਜਸਬੀਰ ਸਿੰਘ ਤੇਗ | ੧੧ |
| •ਹਰਿ ਕੇ ਨਾਮ ਬਿਨਾ ਦੁਖੁ ਪਾਵੈ | -ਗਿਆਨੀ ਕੁਲਵੰਤ ਸਿੰਘ | ੧੪ |
| •ਕੌਮ ਦਾ ਜੀਵਨ | -ਗਿਆਨੀ ਦਿੱਤ ਸਿੰਘ | ੧੬ |
| •ਜਦੋਂ ਬਾਦਸ਼ਾਹ ਨੇ ਸਿੱਖਾਂ ਦੀ ਨਕਲ ਦੇਖੀ | -ਡਾ. ਅਮਰਜੀਤ ਕੌਰ | ੧੭ |
| •ਭਗਤ ਪੂਰਨ ਸਿੰਘ | -ਪ੍ਰੋ. ਨਵਸੰਗੀਤ ਸਿੰਘ | ੨੦ |
| •ਗੁਰੂ ਕੇ ਬਾਗ਼ ਦਾ ਮੋਰਚਾ | -ਸ. ਦਲਜੀਤ ਸਿੰਘ | ੨੨ |
| •'ਸਤਲੁਜ' ਫਿਲਮ-ਇਤਿਹਾਸਕ ਸੱਚ ਕਾਰਣ ਨਕਲੀ ਕਾਮਰੇਡ ਦੁਖੀ ਕਿਉ | -ਪ੍ਰੋ: ਬਲਵਿੰਦਰ ਪਾਲ ਸਿੰਘ | ੨੫ |
| •ਭਾਦੁਇ ਭਰਮਿ ਭੁਲਾਣੀਆ... | | ੨੭ |
| •The Completion of Sri Guru Granth Sahib Ji | -Giani Jasbir Singh Teg | ੨੯ |
| •Let Us Embrace the Practice of Naam and Gurbani | | ੩੨ |
| •Bhagat Puran Singh | -Prof. Nav Sangeet Singh | ੩੬ |
| •"Satluj" – Why Are the 'Pseudo-Communists' Disturbed by Historical Truth? | -Prof. Balwinder Pal Singh | ੩੯ |

# ਭਾਦੁਇ ਭਰਮਿ ਭੁਲਾਣੀਆ...

ਭਾਦੁਇ ਭਰਮਿ ਭੁਲਾਣੀਆ ਦੂਜੈ ਲਗਾ ਹੇਤੁ॥
ਲਖ ਸੀਗਾਰ ਬਣਾਇਆ ਕਾਰਜਿ ਨਾਹੀ ਕੇਤੁ॥
ਜਿਤੁ ਦਿਨਿ ਦੇਹ ਬਿਨਸਸੀ ਤਿਤੁ ਵੇਲੈ ਕਹਸਨਿ ਪ੍ਰੇਤੁ॥
ਪਕੜਿ ਚਲਾਇਨਿ ਦੂਤ ਜਮ ਕਿਸੈ ਨ ਦੇਨੀ ਭੇਤੁ॥
ਛਡਿ ਖੜੋਤੇ ਖਿਨੈ ਮਾਹਿ ਜਿਨ ਸਿਉ ਲਗਾ ਹੇਤੁ॥
ਹਥ ਮਰੋੜੈ ਤਨੁ ਕਪੇ ਸਿਆਹਹੁ ਹੋਆ ਸੇਤੁ॥
ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ॥
ਨਾਨਕ ਪ੍ਰਭ ਸਰਣਾਗਤੀ ਚਰਣ ਬੋਹਿਥ ਪ੍ਰਭ ਦੇਤੁ॥
ਸੇ ਭਾਦੁਇ ਨਰਕਿ ਨ ਪਾਈਅਹਿ ਗੁਰੁ ਰਖਣ ਵਾਲਾ ਹੇਤੁ॥੭॥ (ਅੰਗ ੧੩੪)

ਸ਼ਹੀਦਾਂ ਦੇ ਸਿਰਤਾਜ, ਬਾਣੀ ਕੇ ਬੋਹਿਥ ਪੰਚਮ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਬਾਰਹ ਮਾਹਾ ਮਾਝ ਦੀ ਇਸ ਪਾਵਨ ਪਉੜੀ ਵਿਚ ਭਾਦਰੋਂ ਮਹੀਨੇ ਦੀ ਰੁੱਤ ਅਤੇ ਇਸ ਦੇ ਮਨੁੱਖ-ਮਾਤਰ ਅਤੇ ਜੀਵ-ਜਗਤ ਉੱਪਰ ਅਸਰ ਦੇ ਸੰਬੰਧ ਵਿਚ ਮਨੁੱਖਾ ਜੀਵ-ਇਸਤਰੀ ਨੂੰ ਸਰੀਰ ਦੀ ਨਾਸ਼ਮਾਨਤਾ ਤੇ ਸੰਸਾਰਿਕ ਰਿਸ਼ਤਿਆਂ ਦੀ ਅਸਥਿਰਤਾ ਦਰਸਾਉਂਦੇ ਹੋਏ ਸਤਿ, ਸੰਤੋਖ ਤੇ ਧੀਰਜ ਅਤੇ ਸੱਚੇ ਰੂਹਾਨੀ ਗਿਆਨ ਦਾ ਸਹਾਰਾ ਲੈਂਦਿਆਂ ਕੂੜੀ ਅਗਿਆਨਤਾ 'ਚੋਂ ਬਾਹਰ ਨਿਕਲਣ ਦਾ ਗੁਰਮਤਿ ਗਾਡੀ ਮਾਰਗ ਬਖਸ਼ਿਸ਼ ਕਰਦੇ ਹਨ। ਸਤਿਗੁਰੂ ਜੀ ਫ਼ਰਮਾਨ ਕਰਦੇ ਹਨ ਕਿ ਭਾਦਰੋਂ ਦੇ ਮਹੀਨੇ ਵਿਚ ਉਹ ਜੀਵ-ਇਸਤਰੀ ਅਗਿਆਨਤਾ ਦੇ ਭਰਮ ਵਿਚ ਭੁੱਲੀ ਭਟਕਦੀ ਰਹਿੰਦੀ ਹੈ ਜਿਹੜੀ ਪਰਮਾਤਮਾ ਰੂਪੀ ਸੱਚੇ ਮਾਲਕ ਜਾਂ ਪਤੀ ਦੇ ਪਿਆਰ ਨੂੰ ਛੱਡ ਕੇ ਕਿਸੇ ਹੋਰ ਨਾਲ ਭਾਵ ਰੂਹਾਨੀ ਪਿਆਰ ਨੂੰ ਛੱਡ ਕੇ ਉਲਾਰੂ ਮੋਹ ਸੰਸਾਰ ਨਾਲ ਲਾ ਬੈਠਦੀ ਹੈ। ਪਤੀ-ਪਰਮਾਤਮਾ ਦੇ ਪਿਆਰ ਤੋਂ ਵਾਂਝੀ ਹੋ ਜਾਣ ਕਰਕੇ ਜੀਵਨ ਰੁਪੀ ਭਾਦਰੋਂ ਦੇ ਮਹੀਨੇ ਵਿਚ ਉਹ ਬਾਹਰੋਂ ਜਿੰਨਾ ਮਰਜ਼ੀ ਸ਼ਿੰਗਾਰ ਕਿਉਂ ਨਾ ਕਰ ਲਵੇ ਉਹ ਉਸ ਦੇ ਕੰਮ ਨਹੀਂ ਆਉਂਦਾ ਕਿਉਂ ਜੋ ਜੀਵ-ਇਸਤਰੀ ਨੂੰ ਸ਼ਿੰਗਾਰ ਤਾਂ ਰੂਹਾਨੀ ਅਤੇ ਨੈਤਿਕ ਗੁਣਾਂ ਦਾ ਹੀ ਕਰਨਾ ਚਾਹੀਦਾ ਹੈ ਜਿਸ ਉੱਪਰ ਮਾਲਕ ਖੁਸ਼ ਹੋ ਸਕਦਾ ਹੈ। ਸਤਿਗੁਰੂ ਜੀ ਕਥਨ ਕਰਦੇ ਹਨ ਕਿ ਸਰੀਰਿਕ ਸ਼ਿੰਗਾਰ ਵੈਸੇ ਵੀ ਬੇਅਰਥ ਹੈ ਕਿਉਂਕਿ ਇਹ ਸਰੀਰ ਤਾਂ ਬਿਨਸ ਜਾਂਦਾ ਹੈ ਅਤੇ ਉਸ ਵੇਲੇ ਸਾਰੇ ਅੰਗ-ਸਾਕ 'ਪ੍ਰੇਤ' ਆਖਦੇ ਜਾਂ ਸਮਝਣ ਲੱਗ ਜਾਂਦੇ ਹਨ। ਸਰੀਰ ਅੰਦਰ ਵੱਸਣ ਵਾਲੇ ਜੀਉੜੇ ਨੂੰ ਜਮਦੂਤ ਪਕੜ ਕੇ ਲੈ ਤੁਰਦੇ ਹਨ ਤੇ ਜੀਵ ਦੇ ਕਿਸੇ ਅੰਗ-ਸਾਕ ਨੂੰ ਇਸ ਦਾ ਭੇਤ ਨਹੀਂ ਦਿੰਦੇ। ਅਜਿਹੇ ਮੌਕੇ ਸਾਰੇ ਆਪਣੇ ਕਹਾਉਣ ਜਾਂ ਸਮਝੇ ਜਾਣ ਵਾਲੇ ਜਿਨ੍ਹਾਂ ਨਾਲ ਜੀਵ ਨੇ ਪਿਆਰ ਪਾਇਆ ਹੁੰਦਾ ਹੈ, ਜੀਵ ਦਾ ਸਾਥ ਛੱਡ ਦਿੰਦੇ ਹਨ। ਮੌਤ ਦੀ ਪਕੜ-ਜਕੜ 'ਚ ਆਏ ਜੀਵ ਦੀ ਹਾਲਤ ਬਿਆਨ ਕਰਦੇ ਹੋਏ ਗੁਰੂ ਸਾਹਿਬ ਕਥਨ ਕਰਦੇ ਹਨ ਕਿ ਅਜਿਹੇ ਸਮੇਂ ਜੀਵ ਪਛਤਾਉਂਦਾ ਹੈ, ਕੰਬਦਾ ਹੈ, ਡਰਦਾ ਤੇ ਘਬਰਾਉਂਦਾ ਹੈ ਤੇ ਕਾਲੇ ਤੋਂ ਚਿੱਟਾ ਪਿਆ ਹੁੰਦਾ ਹੈ ਐਪਰ ਇਹ ਸਰੀਰ ਤਾਂ ਕਰਮਾਂ ਵਾਲਾ ਖੇਤ ਹੈ ਜਿਸ ਵਿਚ ਜੀਵ ਜਿਹੋ ਜਿਹਾ ਕੋਈ ਬੀਜਦਾ ਹੈ ਉਹੋ ਜਿਹੀ ਹੀ ਫਸਲ ਵੱਢਦਾ ਹੈ। ਸਤਿਗੁਰੂ ਜੀ ਕਲਯੁਗੀ ਜੀਵਾਂ ਦਾ ਮਾਰਗ-ਦਰਸ਼ਨ ਕਰਦੇ ਹੋਏ ਫਰਮਾਉਂਦੇ ਹਨ ਕਿ, ਹੇ ਨਾਨਕ ! ਜਿਹੜੇ ਜੀਵ ਮਾਲਕ ਦਾ ਆਸਰਾ ਲੈ ਲੈਂਦੇ ਹਨ ਉਨ੍ਹਾਂ ਨੂੰ ਉਹ ਮਾਲਕ ਆਪਣੇ ਚਰਨ ਕਮਲ ਰੂਪੀ ਜਹਾਜ਼ 'ਤੇ ਬਿਠਾ ਲੈਂਦਾ ਹੈ ਇਸ ਕਰਕੇ ਉਹ ਮਨੁੱਖਾ ਜੀਵਨ ਰੂਪੀ ਭਾਦਰੋਂ ਦੇ ਮਹੀਨੇ ਵਿਚ ਨਰਕ ਵਿਚ ਪੈਣ ਤੋਂ ਬਚ ਜਾਂਦੇ ਹਨ।

# ਭਾਦਉ ਭਰਮਿ ਭੁਲੀ

-ਗਿਆਨੀ ਗੁਰਜੀਤ ਸਿੰਘ ਪਟਿਆਲਾ
ਮੁੱਖ ਸੰਪਾਦਕ

ਬਰਖਾ ਰੁਤ ਦੇ ਮਹੀਨੇ ਸਾਵਣ ਤੇ ਭਾਦੋਂ, ਜਿੱਥੇ ਸਾਵਣ ਦੇ ਵਿੱਚ ਬਿਜਲੀਆਂ ਚਮਕਦੀਆਂ ਨੇ, ਕਾਲੀਆਂ ਘਟਾਵਾਂ ਵਰਖਾ ਕਰਦੀਆਂ ਨੇ, ਝੜੀਆਂ ਲੱਗਦੀਆਂ ਨੇ ਉੱਥੇ ਭਾਦਰੋਂ ਦੇ ਵਿੱਚ ਦੋ ਭਾਗ ਵਰਖਾ ਤੇ ਗਰਮੀ ਪ੍ਰਕਿਰਤੀ ਦੇ ਵਿੱਚ ਦਿਖਾਈ ਪੈਂਦੇ ਨੇ. ਕਦੇ ਬਹੁਤ ਜਿਆਦਾ ਹੁਮਸ ਤੇ ਗਰਮੀ ਤੇ ਫਿਰ ਅਚਾਨਕ ਮੀਹ ਦਾ ਛਰਾਟਾ ਆ ਜਾਂਦਾ ਕਣੀਆਂ ਨੂੰ ਦੇਖ ਕੇ ਮਨੁੱਖ ਨੂੰ ਭਰਮ ਪੈਦਾ ਹੁੰਦਾ ਕਿ ਗਰਮੀ ਤੋਂ ਰਾਹਤ ਮਿਲੇਗੀ, ਪਰ ਇੰਨੀ ਤਿੱਖੀ ਗਰਮੀ ਪੈਂਦੀ ਹੈ ਕਿ ਪੁਰਾਣੇ ਸਮਿਆਂ ਦੇ ਵਿੱਚ ਖੇਤਾਂ ਦੇ ਵਿੱਚ ਕੰਮ ਕਰ ਰਹੇ ਕਿਸਾਨ ਵੀ ਖੇਤੀਬਾੜੀ ਛੱਡ ਕੇ ਸਾਧ ਬਣ ਜਾਂਦੇ ਸੀ

"ਜਾਹਰ ਪੀਰ ਜਗਤ ਗੁਰ ਬਾਬਾ" ਤੁਖਾਰੀ ਰਾਗ ਦੇ ਵਿੱਚ ਉਚਾਰਨ ਬਾਰਾ ਮਾਹਾ ਦੇ ਵਿੱਚ ਭਾਦੋ ਦੇ ਮਹੀਨੇ ਦਾ ਉਪਦੇਸ਼ ਜੀਵ ਇਸਤਰੀ ਦਾ ਰੂਪਕ ਸਾਹਮਣੇ ਰੱਖਦਿਆਂ ਫੁਰਮਾਨ ਕਰਦੇ ਹਨ ਜਵਾਨੀ ਬਲ ਤਾਕਤ ਇਹ ਜੀਵ ਇਸਤਰੀ ਦੇ ਅੰਦਰ ਸੁਖੀ ਹੋਣ ਦਾ ਭਰਮ ਪੈਦਾ ਕਰਦੇ ਹਨ. ਵਰਖਾ ਰੁੱਤ ਦੇ ਕਰਕੇ ਥਲ ਦੇ ਉੱਤੇ ਪਾਣੀ ਮੌਜੂਦ ਹੈ, ਕਾਲੀਆਂ ਰਾਤਾਂ ਨੂੰ ਵੀ ਮੀਂਹ ਪੈਂਦਾ, ਡੱਡੂ ਪਾਣੀ ਦੇ ਵਿੱਚ ਤੇ ਮੋਰ ਬੱਦਲਾਂ ਨੂੰ ਦੇਖ ਕੇ ਆਵਾਜ਼ਾਂ ਕਰਦੇ ਨੇ, ਪਰ ਜੀਵ ਇਸਤਰੀ ਨੂੰ ਪਤੀ ਤੋਂ ਬਿਨਾਂ ਕਿੱਥੇ ਸੁੱਖ ਮਿਲ ਸਕਦਾ, ਬੰਬੀਹਾ ਵੀ ਪ੍ਰਿਓ ਪ੍ਰਿਓ ਬੋਲ ਰਿਹਾ, ਚਾਰੇ ਪਾਸੇ ਸੁਰੀਲੀਆਂ ਆਵਾਜ਼ਾਂ ਹੁੰਦਿਆਂ ਵੀ ਜੀਵ ਇਸਤਰੀ ਪਤੀ ਤੋਂ ਬਿਨਾਂ ਦੁਖੀ ਰਹਿੰਦੀ ਹੈ ਮੱਛਰ ਤੇ ਸੱਪ ਦੇ ਡੰਗਣ ਦਾ ਡਰ ਇਸ ਨੂੰ ਦੁਖੀ ਕਰੀ ਰੱਖਦੇ ਹਨ, ਭਰੇ ਹੋਏ ਤਲਾਬ ਵੀ ਇਸਤਰੀ ਨੂੰ ਕੋਈ ਆਨੰਦ ਨਹੀਂ ਦਿੰਦੇ, ਇਸ ਲਈ ਆਪਣੇ ਗੁਰੂ ਦੀ ਸਿੱਖਿਆ ਤੇ ਤੁਰ ਜਿੱਥੇ ਪ੍ਰਭੂ ਪਤੀ ਮਿਲ ਜਾਵੇ ਉੱਥੇ ਹੀ ਜਾਈਏ।

ਬਾਣੀ ਕੇ ਬੋਹਿਤ ਪੰਜਵੇਂ ਪਾਤਸ਼ਾਹ ਗੁਰੂ ਅਰਜਨ ਦੇਵ ਸਾਹਿਬ ਜੀ ਮਾਝ ਰਾਗ ਦੇ ਅੰਦਰ ਭਾਦੋਂ ਦੇ ਮਹੀਨੇ ਦਾ ਉਪਦੇਸ਼ ਬਿਆਨ ਕਰਦਿਆਂ ਫਰਮਾਉਂਦੇ ਹਨ ਕਿ ਦੋ ਮਾਰਗ ਰਸਤਿਆਂ ਦੇ ਕਰਕੇ ਭਰਮ ਪੈਦਾ ਹੋ ਜਾਂਦਾ, ਜਿਵੇਂ ਬਾਹਰੀ ਜਗਤ ਦੇ ਵਿੱਚ ਵੀ ਜਦੋਂ ਮਨੁੱਖ ਕਿਸੇ ਇਹੋ ਜਿਹੀ ਥਾਂ ਤੇ ਪਹੁੰਚਦਾ ਜਿੱਥੋਂ ਦੋ ਰਸਤੇ ਨਿਕਲਦੇ ਹਨ ਤਾਂ ਉਸ ਨੂੰ ਸਮਝ ਨਹੀਂ ਪੈਂਦੀ ਕਿ ਕਿਹੜਾ ਰਸਤਾ ਉਸਨੂੰ ਮੰਜ਼ਿਲ ਤੇ ਲੈ ਕੇ ਜਾਵੇਗਾ-

ਲਿਵ ਧਾਤ ਦੁਇ ਰਾਹ ਹੈ ਹੁਕਮੀ ਕਾਰ ਕਮਾਇ॥ (ਸ੍ਰੀ ਗੁਰੂ ਗ੍ਰੰਥ ਸਾਹਿਬ, ੮੭)

ਆਪਣੀ ਮਤ ਦੇ ਸਦਕਾ ਮਨੁੱਖ ਧਾਤੁ ਦੇ ਮਾਰਗ ਬੜੇ ਪ੍ਰੇਮ ਦੇ ਨਾਲ ਤੁਰ ਪੈਂਦਾ, ਪਰ ਇਹ ਮਾਰਗ ਚੱਕਰ ਦੀ ਤਰ੍ਹਾਂ ਇਹਦੀ ਕੋਈ ਮੰਜ਼ਿਲ ਨਹੀਂ ਹੈ, ਚਾਹੇ ਮਨੁੱਖ ਬਾਹਰੀ ਤੌਰ ਤੇ ਜਿੰਨਾ ਮਰਜ਼ੀ ਧਾਰਮਿਕ ਲਿਬਾਸ ਧਾਰਨ ਕਰ ਲਵੇ ਪਰ ਉਹਦੇ ਜੀਵਨ ਦਾ ਮਨੋਰਥ ਸਿੱਧ ਨਹੀਂ ਹੁੰਦਾ, ਧਾਤ ਦੇ ਮਾਰਗ ਤੇ ਚੱਲਿਆ ਹੋਇਆ ਮਨੁੱਖ ਜਿਸ ਦਿਨ ਆਪਣੇ ਸਰੀਰ ਨੂੰ ਛੱਡਦਾ, ਪਰਿਵਾਰ ਦੇ ਸਕੇ ਸਬੰਧੀ ਉਸ ਨੂੰ ਪ੍ਰੇਤ ਦੀ ਤਰ੍ਹਾਂ ਦੇਖਣ ਲੱਗ ਪੈਂਦੇ ਹਨ ਲੰਬਾ ਸਮਾਂ ਆਪਣੇ ਘਰ ਦੇ ਵਿੱਚ ਨਹੀਂ ਰੱਖਣਾ ਚਾਹੁੰਦੇ, ਮਨੁੱਖ ਅੱਗੇ ਕਿਹੜੀ ਜੂਨੀਆਂ ਦੇ ਵਿੱਚ ਚਲਾ ਜਾਂਦਾ ਇਹਦਾ ਭੇਤ ਵੀ ਕਿਸੇ ਨੂੰ ਨਹੀਂ ਮਿਲਦਾ, ਜਿਹੜੇ ਸੰਬੰਧੀਆਂ ਦੇ ਨਾਲ ਉਹਦਾ ਪ੍ਰੇਮ ਹੁੰਦਾ ਉਹਨੂੰ ਛੱਡ ਕੇ ਇੱਕ ਛਿੰਨ ਦੇ ਵਿੱਚ ਪਰਾਂ ਹੋ ਜਾਂਦੇ ਹਨ, ਜਦੋਂ ਆਤਮਾ ਸਰੀਰ ਨੂੰ ਛੱਡਦੀ ਹੈ ਤਾਂ ਹੱਥ ਮਰੋੜਦਾ ਤਨ ਤੇ ਕੰਬਣੀ ਛਿੜ ਜਾਂਦੀ ਹੈ ਸਰੀਰ ਦੇ ਰੰਗ ਬੜੀ ਛੇਤੀ ਦੇ ਨਾਲ ਬਦਲਦੇ ਹਨ. ਜਿਹੋ ਜਿਹੇ ਬੀਜ ਕਰਮ ਕਿਸੇ ਨੇ ਕੀਤੇ ਹਨ ਉਹੋ ਜਿਹਾ ਫਲ ਉਹ ਆਪਣੇ ਜੀਵਨ ਦੇ ਵਿੱਚ ਪ੍ਰਾਪਤ ਕਰਦਾ ਹੈ ਜਿਨਾਂ ਨੇ ਗੁਰੂ ਪਰਮਾਤਮਾ ਦੀ ਸ਼ਰਨ ਲਈ,ਗੁਰੂ ਉਹਨਾਂ ਨੂੰ ਪਰਮਾਤਮਾ ਦੇ ਚਰਨਾਂ ਰੂਪੀ ਜਹਾਜ ਤੇ ਚੜਾ ਕਿ ਭਵਜਲ ਤੋਂ ਪਾਰ ਕਰ ਦਿੰਦਾ ਹੈ, ਜਿਨਾਂ ਦੀ ਗੁਰੂ ਰਖਿਆ ਕਰਦਾ ਉਹ ਨਰਕਾਂ ਦੇ ਵਿੱਚ ਨਹੀਂ ਪੈਂਦੇ ਭਾਵ ਵਾਰ ਵਾਰ ਜੰਮਦੇ ਮਰਦੇ ਨਹੀਂ ਹਨ।

ਸੰਪਾਦਕੀ

# ਆਓ, ਨਾਮ ਬਾਣੀ ਦੇ ਅਭਿਆਸ ਨਾਲ ਜੁੜੀਏ !

ਸਿੱਖ ਧਰਮ ਦੀ ਆਤਮਾ ਗੁਰਬਾਣੀ ਅਤੇ ਨਾਮ ਨਾਲ ਜੁੜੀ ਹੋਈ ਹੈ। ਮਨੁੱਖੀ ਜੀਵਨ ਦਾ ਅਸਲ ਉਦੇਸ਼ ਪ੍ਰਭੂ ਨਾਲ ਮਿਲਾਪ ਕਰਨਾ ਹੈ ਅਤੇ ਇਹ ਮਿਲਾਪ ਨਾਮ-ਸਿਮਰਨ ਅਤੇ ਗੁਰਬਾਣੀ ਦੇ ਅਭਿਆਸ ਰਾਹੀਂ ਹੀ ਸੰਭਵ ਹੈ। ਅੱਜ ਦੇ ਯੁੱਗ ਵਿੱਚ ਮਨੁੱਖ ਬਾਹਰੀ ਚਮਕ-ਧਮਕ, ਦੌਲਤ, ਅਹੰਕਾਰ ਅਤੇ ਭੌਤਿਕ ਸੁਖਾਂ ਦੇ ਪਿੱਛੇ ਦੌੜ ਰਿਹਾ ਹੈ, ਜਿਸ ਕਾਰਨ ਉਸਦਾ ਮਨ ਚਿੰਤਾਵਾਂ, ਤਣਾਵਾਂ ਅਤੇ ਦੁੱਖਾਂ ਨਾਲ ਭਰ ਗਿਆ ਹੈ। ਐਸੇ ਸਮੇਂ ਵਿੱਚ ਗੁਰੂ ਸਾਹਿਬਾਨ ਦਾ ਸੰਦੇਸ਼ ਸਾਨੂੰ ਦੁਬਾਰਾ ਨਾਮ ਅਤੇ ਬਾਣੀ ਨਾਲ ਜੁੜਨ ਲਈ ਪ੍ਰੇਰਿਤ ਕਰਦਾ ਹੈ।

ਗੁਰਬਾਣੀ ਮਨੁੱਖ ਦੇ ਅੰਦਰਲੇ ਹਨੇਰੇ ਨੂੰ ਦੂਰ ਕਰਕੇ ਉਸਦੇ ਜੀਵਨ ਵਿੱਚ ਚਾਨਣ ਪੈਦਾ ਕਰਦੀ ਹੈ। ਨਾਮ ਦਾ ਅਭਿਆਸ ਮਨ ਨੂੰ ਸ਼ਾਂਤੀ, ਧੀਰਜ ਅਤੇ ਆਤਮਕ ਤਾਕਤ ਦਿੰਦਾ ਹੈ। ਇਸ ਲਈ ਹਰ ਸਿੱਖ ਲਈ ਇਹ ਜ਼ਰੂਰੀ ਹੈ ਕਿ ਉਹ ਆਪਣਾ ਜੀਵਨ ਗੁਰਬਾਣੀ ਅਤੇ ਨਾਮ ਦੇ ਆਧਾਰ 'ਤੇ ਬਤੀਤ ਕਰੇ।

## ਨਾਮ ਦਾ ਅਰਥ ਅਤੇ ਮਹੱਤਵ

ਸਿੱਖ ਧਰਮ ਵਿੱਚ "ਨਾਮ" ਸਿਰਫ਼ ਇੱਕ ਸ਼ਬਦ ਨਹੀਂ, ਸਗੋਂ ਪਰਮਾਤਮਾ ਦੀ ਹਾਜ਼ਰੀ ਅਤੇ ਉਸਦੀ ਯਾਦ ਦਾ ਪ੍ਰਤੀਕ ਹੈ। ਗੁਰੂ ਸਾਹਿਬਾਨ ਨੇ ਨਾਮ ਨੂੰ ਮਨੁੱਖੀ ਜੀਵਨ ਦਾ ਆਧਾਰ ਦੱਸਿਆ ਹੈ। ਗੁਰੂ ਗ੍ਰੰਥ ਸਾਹਿਬ ਜੀ ਵਿੱਚ ਆਉਂਦਾ ਹੈ:

"ਨਾਮ ਕੇ ਧਾਰੇ ਸਗਲੇ ਜੰਤ ॥"

ਅਰਥਾਤ ਸਾਰੀ ਸ੍ਰਿਸ਼ਟੀ ਦਾ ਆਧਾਰ ਪ੍ਰਭੂ ਦਾ ਨਾਮ ਹੈ। ਨਾਮ ਤੋਂ ਬਿਨਾਂ ਮਨੁੱਖੀ ਜੀਵਨ ਅਧੂਰਾ ਹੈ। ਜਦੋਂ ਮਨੁੱਖ ਨਾਮ ਦਾ ਸਿਮਰਨ ਕਰਦਾ ਹੈ ਤਾਂ ਉਸਦਾ ਮਨ ਵਿਕਾਰਾਂ ਤੋਂ ਹਟ ਕੇ ਪਰਮਾਤਮਾ ਵੱਲ ਕੇਂਦ੍ਰਿਤ ਹੁੰਦਾ ਹੈ।

ਨਾਮ ਮਨੁੱਖ ਨੂੰ ਹੰਕਾਰ, ਲੋਭ, ਕ੍ਰੋਧ, ਮੋਹ ਅਤੇ ਕਾਮ ਤੋਂ ਬਚਾਉਂਦਾ ਹੈ। ਇਹ ਮਨੁੱਖ ਦੇ ਅੰਦਰ ਨਿਮਰਤਾ ਅਤੇ ਦਇਆ ਦੇ ਗੁਣ ਪੈਦਾ ਕਰਦਾ ਹੈ। ਗੁਰੂ ਅਰਜਨ ਦੇਵ ਜੀ ਨੇ ਫਰਮਾਇਆ:

"ਹਰਿ ਕਾ ਨਾਮੁ ਜਪਹੁ ਜੀਅ॥"

ਇਸ ਤੋਂ ਸਪੱਸ਼ਟ ਹੁੰਦਾ ਹੈ ਕਿ ਅਸਲੀ ਸੁਖ ਅਤੇ ਸ਼ਾਂਤੀ ਪ੍ਰਭੂ ਦੇ ਨਾਮ ਵਿੱਚ ਹੀ ਹੈ।

## ਬਾਣੀ ਦਾ ਮਹੱਤਵ

ਗੁਰਬਾਣੀ ਸਿੱਖਾਂ ਲਈ ਸਿਰਫ਼ ਧਾਰਮਿਕ ਗ੍ਰੰਥ ਨਹੀਂ, ਸਗੋਂ ਜੀਵਨ ਜਿਊਣ ਦੀ ਰਹਿਨੁਮਾਈ ਹੈ। ਗੁਰੂ ਸਾਹਿਬਾਨ ਨੇ ਬਾਣੀ ਨੂੰ ਗੁਰੂ ਦਾ ਰੂਪ ਦੱਸਿਆ ਹੈ:

"ਬਾਣੀ ਗੁਰੂ ਗੁਰੂ ਹੈ ਬਾਣੀ ਵਿਚਿ ਬਾਣੀ ਅੰਮ੍ਰਿਤੁ ਸਾਰੇ ॥"

ਗੁਰਬਾਣੀ ਮਨੁੱਖ ਨੂੰ ਸੱਚਾ ਜੀਵਨ ਜੀਉਣ ਦੀ ਸਿੱਖਿਆ ਦਿੰਦੀ ਹੈ। ਇਹ ਮਨੁੱਖ ਦੇ ਅੰਦਰਲੇ ਅਗਿਆਨਤਾ ਦੇ ਹਨੇਰੇ ਨੂੰ ਦੂਰ ਕਰਦੀ ਹੈ ਅਤੇ ਉਸ ਨੂੰ ਧਰਮ, ਸਚਾਈ ਅਤੇ ਸੇਵਾ ਦੇ ਰਸਤੇ ਉੱਤੇ ਤੋਰਦੀ ਹੈ।

ਜਦੋਂ ਮਨੁੱਖ ਰੋਜ਼ਾਨਾ ਗੁਰਬਾਣੀ ਦਾ ਪਾਠ ਕਰਦਾ ਹੈ ਅਤੇ ਉਸਦੇ ਅਰਥਾਂ ਨੂੰ ਸਮਝਦਾ ਹੈ ਤਾਂ ਉਸਦੇ ਵਿਚਾਰ ਪਵਿੱਤਰ ਹੋਣ ਲੱਗਦੇ ਹਨ। ਬਾਣੀ ਮਨ ਨੂੰ ਸੰਤੁਲਿਤ ਕਰਦੀ ਹੈ ਅਤੇ ਮਨੁੱਖ ਨੂੰ ਆਤਮਕ ਉੱਚਾਈਆਂ ਵੱਲ ਲੈ ਜਾਂਦੀ ਹੈ।

## ਨਾਮ ਅਤੇ ਬਾਣੀ ਦਾ ਆਪਸੀ ਸੰਬੰਧ

ਨਾਮ ਅਤੇ ਬਾਣੀ ਇਕ-ਦੂਜੇ ਤੋਂ ਵੱਖਰੇ ਨਹੀਂ ਹਨ। ਗੁਰਬਾਣੀ ਸਾਨੂੰ ਨਾਮ ਨਾਲ ਜੋੜਦੀ ਹੈ ਅਤੇ ਨਾਮ ਦਾ ਅਭਿਆਸ ਬਾਣੀ ਦੀ ਸਹਾਇਤਾ ਨਾਲ ਹੀ ਸੰਭਵ ਹੁੰਦਾ ਹੈ। ਗੁਰੂ ਸਾਹਿਬਾਨ ਨੇ ਬਾਣੀ ਰਾਹੀਂ ਮਨੁੱਖ ਨੂੰ ਸਮਝਾਇਆ ਕਿ ਪਰਮਾਤਮਾ ਤੱਕ ਪਹੁੰਚਣ ਦਾ ਰਸਤਾ ਨਾਮ ਹੈ।

ਜਦੋਂ ਕੋਈ ਵਿਅਕਤੀ ਗੁਰਬਾਣੀ ਪੜ੍ਹਦਾ ਹੈ ਤਾਂ ਉਸਦੇ ਅੰਦਰ ਨਾਮ ਦੀ ਪ੍ਰੇਰਣਾ ਪੈਦਾ ਹੁੰਦੀ ਹੈ। ਬਾਣੀ ਮਨੁੱਖ ਦੇ ਮਨ ਵਿੱਚ ਸ਼ਰਧਾ ਅਤੇ ਪ੍ਰੇਮ ਜਗਾਉਂਦੀ ਹੈ, ਜਿਸ ਨਾਲ ਨਾਮ-ਸਿਮਰਨ ਦੀ ਲਗਨ ਵਧਦੀ ਹੈ।

## ਅੱਜ ਦੇ ਸਮੇਂ ਵਿੱਚ ਨਾਮ ਬਾਣੀ ਦੀ ਲੋੜ

ਆਧੁਨਿਕ ਯੁੱਗ ਵਿੱਚ ਮਨੁੱਖ ਦਾ ਜੀਵਨ ਬਹੁਤ ਵਿਆਸਤ ਹੋ ਗਿਆ ਹੈ। ਤਕਨਾਲੋਜੀ ਅਤੇ ਭੌਤਿਕਤਾ ਦੇ ਵਧਦੇ ਪ੍ਰਭਾਵ ਕਾਰਨ ਮਨੁੱਖ ਦੇ ਕੋਲ ਆਤਮਕ ਜੀਵਨ ਲਈ ਸਮਾਂ ਘੱਟ ਰਹਿ ਗਿਆ ਹੈ। ਇਸ ਦਾ ਨਤੀਜਾ ਇਹ ਨਿਕਲਿਆ ਹੈ ਕਿ ਮਨੁੱਖ ਤਣਾਵ, ਡਿਪ੍ਰੈਸ਼ਨ ਅਤੇ ਅਸੰਤੁਸ਼ਟੀ ਦਾ ਸ਼ਿਕਾਰ ਹੋ ਰਿਹਾ ਹੈ।

ਐਸੇ ਹਾਲਾਤਾਂ ਵਿੱਚ ਨਾਮ ਅਤੇ ਬਾਣੀ ਮਨੁੱਖ ਲਈ ਇੱਕ ਆਤਮਕ ਦਵਾਈ ਵਾਂਗ ਹਨ। ਗੁਰਬਾਣੀ ਮਨੁੱਖ ਨੂੰ ਧੀਰਜ, ਸੰਤੋਖ ਅਤੇ ਆਸਰਾ ਦਿੰਦੀ ਹੈ। ਨਾਮ-ਸਿਮਰਨ ਮਨ ਨੂੰ ਅਡੋਲ ਕਰਦਾ ਹੈ ਅਤੇ ਮਨੁੱਖ ਨੂੰ ਅੰਦਰੋਂ ਮਜ਼ਬੂਤ ਬਣਾਉਂਦਾ ਹੈ।

ਅੱਜ ਜਿੱਥੇ ਨੌਜਵਾਨ ਨਸ਼ਿਆਂ, ਹਿੰਸਾ ਅਤੇ ਪੱਛਮੀ ਪ੍ਰਭਾਵਾਂ ਵੱਲ ਵਧ ਰਹੇ ਹਨ, ਉੱਥੇ ਉਨ੍ਹਾਂ ਨੂੰ ਗੁਰਬਾਣੀ ਅਤੇ ਨਾਮ ਨਾਲ ਜੋੜਨਾ ਸਮੇਂ ਦੀ ਸਭ ਤੋਂ ਵੱਡੀ ਲੋੜ ਹੈ। ਜੇ ਨੌਜਵਾਨ ਪੀੜ੍ਹੀ ਗੁਰਬਾਣੀ ਨੂੰ ਆਪਣਾ ਮਾਰਗਦਰਸ਼ਕ ਬਣਾ ਲਵੇ ਤਾਂ ਉਹ ਜੀਵਨ ਵਿੱਚ ਸਹੀ ਦਿਸ਼ਾ ਪ੍ਰਾਪਤ ਕਰ ਸਕਦੀ ਹੈ।

## ਨਾਮ ਬਾਣੀ ਦੇ ਅਭਿਆਸ ਦੇ ਤਰੀਕੇ

### ਨਿਤਨੇਮ ਦੀ ਅਹਿਮੀਅਤ:

ਹਰ ਸਿੱਖ ਲਈ ਨਿਤਨੇਮ ਬਹੁਤ ਜ਼ਰੂਰੀ ਹੈ। ਸਵੇਰੇ ਜਪੁਜੀ ਸਾਹਿਬ, ਜਾਪ ਸਾਹਿਬ ਅਤੇ ਹੋਰ ਬਾਣੀਆਂ ਦਾ ਪਾਠ ਮਨ ਨੂੰ ਪਵਿੱਤਰ ਕਰਦਾ ਹੈ। ਸ਼ਾਮ ਨੂੰ ਰਹਿਰਾਸ ਸਾਹਿਬ ਅਤੇ ਰਾਤ ਨੂੰ ਕੀਰਤਨ ਸੋਹਿਲਾ ਮਨੁੱਖ ਨੂੰ ਆਤਮਕ ਸ਼ਾਂਤੀ ਦਿੰਦੇ ਹਨ।

ਨਿਤਨੇਮ ਮਨੁੱਖ ਨੂੰ ਇੱਕ ਆਤਮਕ ਅਨੁਸ਼ਾਸਨ ਵਿੱਚ ਬੰਨ੍ਹਦਾ ਹੈ ਅਤੇ ਉਸਦੇ ਜੀਵਨ ਨੂੰ ਸੁਚੱਜਾ ਬਣਾਉਂਦਾ ਹੈ।

**ਸਿਮਰਨ:** "ਵਾਹਿਗੁਰੂ" ਦਾ ਜਾਪ ਮਨ ਨੂੰ ਪ੍ਰਭੂ ਨਾਲ ਜੋੜਦਾ ਹੈ। ਸਿਮਰਨ ਸਿਰਫ਼ ਜ਼ਬਾਨ ਨਾਲ ਨਹੀਂ, ਸਗੋਂ ਦਿਲ ਦੀ ਗਹਿਰਾਈ ਨਾਲ ਕਰਨਾ ਚਾਹੀਦਾ ਹੈ। ਜਦੋਂ ਮਨੁੱਖ ਪਿਆਰ ਨਾਲ ਨਾਮ ਜਪਦਾ ਹੈ ਤਾਂ ਉਸਦਾ ਮਨ ਹੌਲੀ-ਹੌਲੀ ਸ਼ਾਂਤ ਹੋ ਜਾਂਦਾ ਹੈ।

**ਗੁਰਬਾਣੀ ਦੇ ਅਰਥ ਸਮਝਣਾ:** ਕੇਵਲ ਪਾਠ ਕਰਨਾ ਹੀ ਕਾਫ਼ੀ ਨਹੀਂ, ਸਗੋਂ ਗੁਰਬਾਣੀ ਦੇ ਅਰਥਾਂ ਨੂੰ ਸਮਝਣਾ ਵੀ ਬਹੁਤ ਜ਼ਰੂਰੀ ਹੈ। ਜਦੋਂ ਮਨੁੱਖ ਬਾਣੀ ਦੇ ਅਸਲ ਸੰਦੇਸ਼ ਨੂੰ ਸਮਝਦਾ ਹੈ ਤਾਂ ਉਹ ਉਸ ਨੂੰ ਆਪਣੇ ਜੀਵਨ ਵਿੱਚ ਲਾਗੂ ਕਰ ਸਕਦਾ ਹੈ।

**ਸੰਗਤ ਅਤੇ ਕੀਰਤਨ:** ਸਤਸੰਗਤ ਮਨੁੱਖ ਦੇ ਮਨ 'ਤੇ ਚੰਗਾ ਪ੍ਰਭਾਵ ਪਾਂਦੀ ਹੈ। ਗੁਰਦੁਆਰਿਆਂ ਵਿੱਚ ਕੀਰਤਨ ਸੁਣਨਾ ਅਤੇ ਸੰਗਤ ਵਿੱਚ ਬੈਠਣਾ ਮਨੁੱਖ ਦੇ ਅੰਦਰ ਆਤਮਕ ਭਾਵਨਾ ਪੈਦਾ ਕਰਦਾ ਹੈ। ਗੁਰੂ ਸਾਹਿਬਾਨ ਨੇ ਵੀ ਸੰਗਤ ਦੀ ਮਹਿਮਾ ਕੀਤੀ ਹੈ:

> "ਸਾਧਸੰਗਤਿ ਕੈਸੀ ਜਾਣੀਐ ॥
> ਜਿਥੈ ਏਕੋ ਨਾਮੁ ਵਖਾਣੀਐ ॥"

## ਨਾਮ ਬਾਣੀ ਦੇ ਅਭਿਆਸ ਦੇ ਲਾਭ

**ਆਤਮਕ ਸ਼ਾਂਤੀ:** ਨਾਮ-ਸਿਮਰਨ ਅਤੇ ਗੁਰਬਾਣੀ ਮਨੁੱਖ ਦੇ ਮਨ ਨੂੰ ਸ਼ਾਂਤੀ ਦਿੰਦੇ ਹਨ। ਜਿਹੜਾ ਮਨੁੱਖ ਬਾਣੀ ਨਾਲ ਜੁੜਦਾ ਹੈ ਉਹ ਹਾਲਾਤਾਂ ਵਿੱਚ ਵੀ ਧੀਰਜ ਨਹੀਂ ਗੁਆਉਂਦਾ।

**ਵਿਕਾਰਾਂ ਤੋਂ ਮੁਕਤੀ:** ਗੁਰਬਾਣੀ ਮਨੁੱਖ ਨੂੰ ਪੰਜ ਵਿਕਾਰਾਂ ਤੋਂ ਬਚਾਉਂਦੀ ਹੈ। ਇਹ ਮਨੁੱਖ ਦੇ ਅੰਦਰ ਸੱਚਾਈ, ਨਿਮਰਤਾ ਅਤੇ ਦਇਆ ਵਰਗੇ ਗੁਣ ਪੈਦਾ ਕਰਦੀ ਹੈ।

**ਸਮਾਜਿਕ ਸੁਧਾਰ:** ਜਦੋਂ ਮਨੁੱਖ ਨਾਮ ਅਤੇ ਬਾਣੀ ਨਾਲ ਜੁੜਦਾ ਹੈ ਤਾਂ ਉਸਦਾ ਚਾਲ-ਚਲਣ ਵੀ ਸੁਧਰਦਾ ਹੈ। ਉਹ ਦੂਜਿਆਂ ਨਾਲ ਪਿਆਰ ਅਤੇ ਸਤਿਕਾਰ ਨਾਲ ਪੇਸ਼ ਆਉਂਦਾ ਹੈ। ਇਸ ਨਾਲ ਸਮਾਜ ਵਿੱਚ ਭਾਈਚਾਰਾ ਅਤੇ ਏਕਤਾ ਵਧਦੀ ਹੈ।

**ਪ੍ਰਭੂ ਨਾਲ ਨਜ਼ਦੀਕੀ:** ਨਾਮ-ਸਿਮਰਨ ਮਨੁੱਖ ਨੂੰ ਪਰਮਾਤਮਾ ਦੇ ਨੇੜੇ ਲੈ ਜਾਂਦਾ ਹੈ। ਇਹ ਮਨੁੱਖ ਦੇ ਅੰਦਰ ਭਗਤੀ ਅਤੇ ਪ੍ਰੇਮ ਦੀ ਭਾਵਨਾ ਪੈਦਾ ਕਰਦਾ ਹੈ।

## ਨੌਜਵਾਨ ਪੀੜ੍ਹੀ ਅਤੇ ਨਾਮ ਬਾਣੀ

ਅੱਜ ਦੀ ਨੌਜਵਾਨ ਪੀੜ੍ਹੀ ਨੂੰ ਗੁਰਬਾਣੀ ਨਾਲ ਜੋੜਨਾ ਬਹੁਤ ਜ਼ਰੂਰੀ ਹੈ। ਬੱਚਿਆਂ ਅਤੇ ਨੌਜਵਾਨਾਂ ਨੂੰ ਛੋਟੀ ਉਮਰ ਤੋਂ ਹੀ ਗੁਰਬਾਣੀ ਦਾ ਪਾਠ ਅਤੇ ਕੀਰਤਨ ਸਿਖਾਇਆ ਜਾਣਾ ਚਾਹੀਦਾ ਹੈ।

ਮਾਪਿਆਂ ਦੀ ਇਹ ਜ਼ਿੰਮੇਵਾਰੀ ਹੈ ਕਿ ਉਹ ਆਪਣੇ ਬੱਚਿਆਂ ਨੂੰ ਧਾਰਮਿਕ ਅਤੇ ਆਤਮਕ ਮਾਹੌਲ ਦੇਣ। ਜੇ ਘਰਾਂ ਵਿੱਚ ਨਿਤਨੇਮ ਅਤੇ ਗੁਰਬਾਣੀ ਦਾ ਮਾਹੌਲ ਹੋਵੇਗਾ ਤਾਂ ਬੱਚਿਆਂ ਦੇ ਅੰਦਰ ਵੀ ਆਤਮਕਤਾ ਵਿਕਸਿਤ ਹੋਵੇਗੀ।

ਸੋਸ਼ਲ ਮੀਡੀਆ ਦੇ ਯੁੱਗ ਵਿੱਚ ਗੁਰਬਾਣੀ ਦੇ ਪ੍ਰਚਾਰ ਲਈ ਆਧੁਨਿਕ ਸਾਧਨਾਂ ਦੀ ਵਰਤੋਂ ਵੀ ਕੀਤੀ ਜਾ ਸਕਦੀ ਹੈ। ਕੀਰਤਨ, ਕਥਾ ਅਤੇ ਗੁਰਬਾਣੀ ਦੇ ਅਰਥਾਂ ਨੂੰ ਨੌਜਵਾਨਾਂ ਤੱਕ ਸੌਖੇ ਢੰਗ ਨਾਲ ਪਹੁੰਚਾਇਆ ਜਾ ਸਕਦਾ ਹੈ।

## ਸਿੱਖ ਇਤਿਹਾਸ ਵਿੱਚ ਨਾਮ ਬਾਣੀ ਦੀ ਤਾਕਤ

ਸਿੱਖ ਇਤਿਹਾਸ ਨਾਮ ਅਤੇ ਬਾਣੀ ਦੀ ਤਾਕਤ ਨਾਲ ਭਰਿਆ ਹੋਇਆ ਹੈ। ਗੁਰੂ ਸਾਹਿਬਾਨ ਅਤੇ ਸਿੱਖ ਸ਼ਹੀਦਾਂ ਨੇ ਹਰ ਔਖੇ ਸਮੇਂ ਵਿੱਚ ਨਾਮ ਦਾ ਆਸਰਾ ਲਿਆ।

ਸ੍ਰੀ ਗੁਰੂ ਅਰਜਨ ਦੇਵ ਜੀ ਨੇ ਤੱਤੀ ਤਵੀ 'ਤੇ ਬੈਠ ਕੇ ਵੀ "ਤੇਰਾ ਕੀਆ ਮੀਠਾ ਲਾਗੈ" ਉਚਾਰਿਆ। ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਧਰਮ ਦੀ ਰੱਖਿਆ ਲਈ ਸ਼ਹਾਦਤ ਦਿੱਤੀ ਪਰ ਨਾਮ ਦਾ ਸਿਮਰਨ ਨਹੀਂ ਛੱਡਿਆ। ਭਾਈ ਮਨੀ ਸਿੰਘ ਜੀ ਅਤੇ ਹੋਰ ਅਨੇਕਾਂ ਸਿੱਖ ਸ਼ਹੀਦਾਂ ਨੇ ਗੁਰਬਾਣੀ ਦੀ ਤਾਕਤ ਨਾਲ ਹਰ ਦੁੱਖ ਨੂੰ ਸਹਾਰਿਆ।

ਇਹ ਸਾਨੂੰ ਸਿਖਾਉਂਦਾ ਹੈ ਕਿ ਨਾਮ ਅਤੇ ਬਾਣੀ ਮਨੁੱਖ ਨੂੰ ਹਰ ਮੁਸ਼ਕਲ ਦਾ ਸਾਹਮਣਾ ਕਰਨ ਦੀ ਤਾਕਤ ਦਿੰਦੇ ਹਨ।

ਨਾਮ ਅਤੇ ਬਾਣੀ ਸਿੱਖ ਜੀਵਨ ਦੀ ਰੂਹ ਹਨ। ਇਹ ਮਨੁੱਖ ਨੂੰ ਅੰਦਰੋਂ ਮਜ਼ਬੂਤ, ਸ਼ਾਂਤ ਅਤੇ ਆਤਮਕ ਬਣਾਉਂਦੇ ਹਨ। ਅੱਜ ਦੇ ਭਟਕਦੇ ਹੋਏ ਸਮਾਜ ਨੂੰ ਦੁਬਾਰਾ ਸਹੀ ਰਸਤੇ 'ਤੇ ਲਿਆਉਣ ਲਈ ਗੁਰਬਾਣੀ ਅਤੇ ਨਾਮ ਨਾਲ ਜੁੜਨਾ ਬਹੁਤ ਜ਼ਰੂਰੀ ਹੈ।

ਸਾਨੂੰ ਚਾਹੀਦਾ ਹੈ ਕਿ ਅਸੀਂ ਰੋਜ਼ਾਨਾ ਨਿਤਨੇਮ ਕਰੀਏ, ਗੁਰਬਾਣੀ ਦੇ ਅਰਥ ਸਮਝੀਏ, ਨਾਮ ਦਾ ਸਿਮਰਨ ਕਰੀਏ ਅਤੇ ਆਪਣੇ ਜੀਵਨ ਨੂੰ ਗੁਰੂ ਸਾਹਿਬਾਨ ਦੀ ਸਿੱਖਿਆ ਅਨੁਸਾਰ ਢਾਲੀਏ। ਜੇ ਹਰ ਮਨੁੱਖ ਨਾਮ ਅਤੇ ਬਾਣੀ ਨਾਲ ਜੁੜ ਜਾਵੇ ਤਾਂ ਨਾ ਸਿਰਫ਼ ਉਸਦਾ ਨਿੱਜੀ ਜੀਵਨ ਸੁਖੀ ਹੋਵੇਗਾ, ਸਗੋਂ ਸਮਾਜ ਵਿੱਚ ਵੀ ਪਿਆਰ, ਏਕਤਾ ਅਤੇ ਸ਼ਾਂਤੀ ਦਾ ਮਾਹੌਲ ਬਣੇਗਾ।

ਇਸ ਲਈ ਆਓ, ਅਸੀਂ ਸਭ ਮਿਲ ਕੇ ਨਾਮ ਬਾਣੀ ਦੇ ਅਭਿਆਸ ਨਾਲ ਜੁੜੀਏ ਅਤੇ ਆਪਣੇ ਜੀਵਨ ਨੂੰ ਸਫਲ ਬਣਾਈਏ।

**7 ਅਗਸਤ ਨੂੰ ਨੂੰ ਪ੍ਰਕਾਸ਼ ਪੁਰਬ 'ਤੇ :**

# ਸ੍ਰੀ ਹਰਿਕ੍ਰਿਸ਼ਨ ਧਿਆਈਐ...

-ਅੰਮ੍ਰਿਤ ਕੌਰ

ਅਠਵੇਂ ਸਤਿਗੁਰੂ ਛੇਵੇਂ ਗੁਰੂ ਹਰਿਗੋਬਿੰਦ ਜੀ ਦੇ ਪੋਤੇ, ਸਤਵੇਂ ਗੁਰੂ ਹਰਿਰਾਇ ਜੀ ਦੇ ਛੋਟੇ ਫਰਜ਼ੰਦ, ਬਾਲਾ ਪ੍ਰੀਤਮ ਸ੍ਰੀ ਗੁਰੂ ਹਰਿਕ੍ਰਿਸ਼ਨ ਸਾਹਿਬ ਜੀ ਨੇ ੧੬੫੬ ਈ: ਨੂੰ ਕੀਰਤਪੁਰ ਸਾਹਿਬ ਵਿਖੇ ਮਾਤਾ ਕ੍ਰਿਸ਼ਨ ਕੌਰ ਜੀ ਦੀ ਕੁੱਖੋਂ ਜਨਮ ਲਿਆ।

ਅਜੇ ਬੈਠਣ ਹੀ ਲੱਗੇ ਸਨ ਕਿ ਕਿੰਨੀ-ਕਿੰਨੀ ਦੇਰ ਚੌਕੜਾ ਮਾਰ-ਇਕਾਗਰਚਿਤ ਹੋ ਕੀਰਤਨ ਤੇ ਪਾਠ ਸੁਣਦੇ ਰਹਿੰਦੇ। ਅੱਖਰੀ ਵਿੱਦਿਆ ਵੀ ਜਲਦੀ ਸਿਖ ਲਈ, ਖੇਡਾਂ ਵੀ ਨਿਰਭੈਤਾ ਵਾਲੀਆਂ ਖੇਡਦੇ। ਪਿਤਾ ਸ੍ਰੀ ਗੁਰੂ ਹਰਿਰਾਇ ਜੀ ਦੀ ਨਿਗਰਾਨੀ ਹੇਠ ਤੇ ਸੰਗਤ ਸਦਕਾ ਸ੍ਰੀ ਗੁਰੂ ਹਰਿਰਾਇ ਜੀ ਦੇ ਸਾਰੇ ਗੁਣ-ਧੀਰਜ, ਨਿਮਰਤਾ, ਸਮਦ੍ਰਿਸ਼ਟਤਾ, ਦੁਖੀਆਂ ਦੇ ਦੁੱਖ ਦੂਰ ਕਰਨੇ, ਹੱਥੀਂ ਸੇਵਾ ਕਰਨੀ, ਪਸ਼ੂ-ਪੰਛੀਆਂ ਦਾ ਧਿਆਨ ਰੱਖਣਾ, ਲੋੜਵੰਦਾਂ ਦੀ ਸਹਾਇਤਾ ਕਰਨੀ, ਨਾਮ-ਬਾਣੀ ਦਾ ਅਭਿਆਸ ਕਰਨਾ ਆਦਿ ਆਪ ਜੀ ਵਿਚ ਸੁਭਾਵਕ ਹੀ ਪ੍ਰਵੇਸ਼ ਕਰ ਗਏ। ਗੁਰੂ ਪਿਤਾ ਜੀ ਨਾਲ ਸਾਰੇ ਧਾਰਮਿਕ ਅਸਥਾਨਾਂ ਦੇ ਦਰਸ਼ਨ ਕੀਤੇ ਤੇ ਵੱਡਿਆਂ ਦਾ ਕਿਵੇਂ ਸਤਿਕਾਰ ਕਰਨਾ ਹੈ, ਕਿਸੇ ਨੂੰ ਵੀ ਉੱਚਾ ਨਹੀਂ ਬੋਲਣਾ ਆਦਿ ਬਚਪਨ ਭਾਵ ਛੋਟੀ ਉਮਰ ਵਿਚ ਹੀ ਅਨੇਕਾਂ ਗੁਣਾਂ ਨੂੰ ਗ੍ਰਹਿਣ ਕੀਤਾ।

ਆਪ ਜੀ ਦੇ ਵੱਡੇ ਭਰਾ ਰਾਮਰਾਇ ਨੇ ਜਦੋਂ ਗੁਰੂ-ਸਿਧਾਂਤ ਤੋਂ ਭਟਕ ਕੇ ਸ਼ਾਹੀ ਠਾਠ-ਬਾਠ ਦੇ ਅਸਰ ਹੇਠ ਆ ਕੇ ਆਪਣੇ ਗੁਰੂਆਂ ਦੀ ਬਾਣੀ ਦਾ ਤ੍ਰਿਸਕਾਰ ਕੀਤਾ ਤਾਂ ਪਿਤਾ ਗੁਰੂ ਹਰਿਰਾਇ ਜੀ ਨੇ ਉਸ ਨੂੰ ਬੇਦਖਲ ਕਰ ਦਿੱਤਾ ਤੇ ਗੁਰਗੱਦੀ ਪੰਜ ਸਾਲ ਦੇ ਸਪੁੱਤਰ ਸ੍ਰੀ ਹਰਿਕ੍ਰਿਸ਼ਨ ਜੀ ਨੂੰ ਸੌਂਪ ਸੰਗਤਾਂ ਨੂੰ ਕਿਹਾ ਕਿ ਗੁਰਬਾਣੀ ਦਾ ਪੱਲਾ ਨਹੀਂ ਛੱਡਣਾ। ਹੁਣ ਮੁਕਤੀ ਦੀ ਕੁੰਜੀ ਸ੍ਰੀ ਗੁਰੂ ਹਰਿਕ੍ਰਿਸ਼ਨ ਜੀ ਦੇ ਹੱਥ ਹੈ, ਇਨ੍ਹਾਂ 'ਤੇ ਸ਼ਰਧਾ ਰੱਖਣ ਵਾਲਿਆਂ ਦੇ ਸਾਰੇ ਕਸ਼ਟ ਦੂਰ ਹੋਣਗੇ ਤੇ ਸਭ ਫਲ ਪ੍ਰਾਪਤ ਹੋਣਗੇ!

ਅਠਵੇਂ ਸਤਿਗੁਰਾਂ ਦੇ ਦਰਸ਼ਨ ਕਰਦਿਆਂ ਹੀ ਸੰਗਤਾਂ ਨਿਹਾਲ ਹੁੰਦੀਆਂ। ਆਪ ਅੰਮ੍ਰਿਤ ਵੇਲੇ ਦਰਬਾਰ ਵਿਚ ਆਉਂਦੇ। ਕੀਰਤਨ ਤੇ ਕਥਾ ਉਪਰੰਤ ਦਰਬਾਰ ਲਗਾਉਂਦੇ, ਸ਼ੰਕੇ ਨਵਿਰਤ ਕਰਦੇ, ਸੰਗਤਾਂ ਦੀਆਂ ਭੇਟਾਵਾਂ ਪ੍ਰਵਾਨ ਕਰ ਲੋੜਵੰਦਾਂ ਵਿਚ ਵੰਡਦੇ। ਲੰਗਰ ਵਿਚ ਵੀ ਆਪਣੇ ਹੱਥੀਂ ਸੇਵਾ ਕਰਦੇ। ਬੈਰਾਗੀਆਂ, ਸਾਧੂਆਂ, ਫਕੀਰਾਂ ਤੇ ਸੰਗਤਾਂ ਨੂੰ ਗੁਰੂ-ਘਰ ਦੀ ਮਰਯਾਦਾ ਦੱਸਦੇ ਤੇ ਉਪਦੇਸ਼ ਦਿੰਦੇ:

**ਉਪਦੇਸ਼:**

- ਪਹਿਲੇ ਪੰਜ ਗੁਰੂ ਸਾਹਿਬਾਨ ਦੀ ਬਾਣੀ ਨੂੰ ਸੁਣਨ, ਵਿਚਾਰਨ ਤੇ ਅਮਲ ਕਰਨ ਨਾਲ ਜੀਵਨ ਮੁਕਤ ਹੋ ਜਾਂਦਾ ਹੈ।
- ਕਿਰਤ ਜੋ ਵੀ ਹੋਵੇ ਇਮਾਨਦਾਰੀ ਨਾਲ ਕੀਤਿਆਂ ਹੀ ਪ੍ਰਵਾਨ ਹੁੰਦੀ ਹੈ। ਕਿਰਤ ਕਰਦਿਆਂ ਪ੍ਰਭੂ ਦੀ ਬੰਦਗੀ ਨਹੀਂ ਛੱਡਣੀ।
- ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਗੁਰੂ ਦਾ ਹਿਰਦਾ ਜਾਣ ਵੱਧ ਤੋਂ ਵੱਧ ਪ੍ਰਚਾਰ ਕਰੋ।
- ਕੇਸਾਂ ਦੀ ਬੇਅਦਬੀ ਨਾ ਕਰੋ ਸਗੋਂ ਕੇਸਾਧਾਰੀ ਹੋ ਕੇ ਹਰ ਵੇਲੇ ਸਿਮਰਨ ਕਰੋ।
- ਸਤੀ ਰਸਮ ਨਹੀਂ ਕਰਨੀ।
- ਵਿਧਵਾ ਵਿਆਹ ਦੀ ਖੁੱਲ੍ਹ ਹੋਣੀ ਚਾਹੀਦੀ ਹੈ।

- ਕੁੜੀਮਾਰ ਨੂੰ ਮੂੰਹ ਨਹੀਂ ਲਾਉਣਾ। ਉਸ ਨੂੰ ਸੰਗਤ ਵਿਚ ਵੀ ਨਹੀਂ ਬੈਠਣ ਦੇਣਾ।
- ਤਮਾਕੂ ਦਾ ਸੇਵਨ ਨਾ ਕਰਨ ਤੇ ਅਤੇ ਕੇਸਾਂ ਨੂੰ ਨਾ ਕਟਾਉਣ 'ਤੇ ਆਤਮਿਕ ਸ਼ਾਂਤੀ, ਆਤਮਿਕ ਸ਼ਕਤੀ ਅਤੇ ਆਤਮਿਕ ਮੰਡਲ ਦਾ ਰਸ ਮਾਣਿਆ ਜਾ ਸਕਦਾ ਹੈ।
- 'ਘਾਲਿ ਖਾਇ ਕਿਛੁ ਹਥਹੁ ਦੇਇ' ਦੇ ਮਹਾਂਵਾਕ ਨੂੰ ਦ੍ਰਿੜ੍ਹ ਕੀਤਾ ਜਾਣਾ ਚਾਹੀਦਾ ਹੈ।
- ਗੁਰੂ ਗੋਲਕ ਨੂੰ ਲੋੜਵੰਦਾਂ ਦੀ ਸਹਾਇਤਾ ਲਈ ਵਰਤੋ।
- ਸਿੱਖੀ ਵਿਚ ਦਾਰਸ਼ਨਿਕ ਬਾਰੀਕੀ ਨਹੀਂ, ਤਰਕ ਦੀ ਸਿਆਣਪ ਨਹੀਂ, ਦਲੀਲਬਾਜ਼ੀ ਦੀ ਚਤੁਰਾਈ ਵਿਚ ਨਹੀਂ ਪੈਣਾ:

  ਛੋਡਿ ਸਿਆਨਪ ਬਹੁ ਚਤੁਰਾਈ ਦੁਇ ਕਰ ਜੋੜਿ ਸਾਧ ਮਗਿ ਚਲੁ॥
  ਸਿਮਰਿ ਸੁਆਮੀ ਅੰਤਰਜਾਮੀ ਮਾਨੁਖ ਦੇਹ ਕਾ ਇਹੁ ਊਤਮ ਫਲੁ॥ (ਪੰਨਾ ੭੧੭)

- ਵਾਹਿਗੁਰੂ ਦਾ ਭਾਣਾ ਸਿਰ ਝੁਕਾ ਕੇ ਮੰਨਣਾ ਚਾਹੀਦਾ ਹੈ।
- ਕਦੇ ਕੋਈ ਇੱਛਾ ਹੋਵੇ, ਵਿਘਨ ਆ ਪਵੇ, ਦੁੱਖ ਸਤਾਏ, ਮਨ ਨ ਟਿਕੇ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸ਼ਰਨ ਵਿਚ ਜਾਓ ਉਹ ਸਹਾਈ ਹੋ ਸਭ ਦੁੱਖ ਕੱਟਣਗੇ।

ਤਿੰਨ ਸਾਲ ਦੇ ਗੁਰਤਾ ਕਾਲ ਸਮੇਂ ਆਪ ਜਿੱਥੇ ਲੋਕਾਂ ਨੂੰ ਆਪਣੇ ਉਪਦੇਸ਼ਾਂ ਰਾਹੀਂ ਸਿੱਧੇ ਰਾਹ ਪਾਉਂਦੇ ਰਹੇ ਉੱਥੇ ਇੰਨੀ ਛੋਟੀ ਉਮਰ ਵਿਚ ਇਹੋ ਜਿਹੇ ਕਾਰਜ ਕੀਤੇ ਕਿ ਆਮ ਵਿਅਕਤੀ ਪੜ੍ਹ-ਸੁਣ ਕੇ ਹੀ ਦੰਗ ਰਹਿ ਜਾਂਦਾ ਹੈ।

**ਕਾਰਜ :**

ਸਮੇਂ ਦੀ ਨਜ਼ਾਕਤ ਨੂੰ ਦੇਖਦੇ ਸੰਗਤਾਂ ਨੂੰ ਹੁਕਮਨਾਮੇ ਭੇਜੇ ਕਿ ਉਹ ਮਸੰਦਾਂ ਤੋਂ ਸੁਚੇਤ ਰਹਿਣ ਕਿਉਂਕਿ ਕਈ ਮਸੰਦ ਗੁਰੂ ਕੀ ਗੋਲਕ ਦੀ ਗ਼ਲਤ ਵਰਤੋਂ ਕਰ ਰਹੇ ਸਨ। ਪਾਕਪਟਨ ਦੀ ਸੰਗਤ ਦੇ ਨਾਮ ਹੁਕਮਨਾਮੇ ਤੋਂ ਪਤਾ ਲੱਗਦਾ ਹੈ ਕਿ ਸੰਗਤ ਹੁਣ ਕਾਰ-ਭੇਟਾ ਮਸੰਦਾਂ ਹੱਥ ਨਾ ਭੇਜੇ, ਨਾ ਹੀ ਉਨ੍ਹਾਂ ਦੀ ਸੰਗਤ ਕਰਨੀ ਹੈ। ਸਿਰਫ ਨੇੜੇ ਧਰਮਸ਼ਾਲਾ ਜਾ ਕੇ ਨਿਤਨੇਮ ਤੇ ਪਾਠ ਸੁਣਨਾ ਹੈ।

ਹਿੰਦੁਸਤਾਨ ਭਰ ਵਿਚ ਤੇ ਬਾਹਰ ਦੂਰ-ਦੂਰ ਹਰ ਸਿੱਖੀ ਕੇਂਦਰ 'ਤੇ ਸੁਘੜ ਸਿਆਣੇ ਸਿੱਖ ਭੇਜੇ ਜਿਨ੍ਹਾਂ ਨੇ ਸਿੱਖੀ ਦੇ ਬੂਟੇ ਨੂੰ ਹੋਰ ਪ੍ਰਫੁਲਤ ਕੀਤਾ।

ਪ੍ਰਭੂ-ਏਕਤਾ ਦੇ ਸਿਧਾਂਤ ਨੂੰ ਦ੍ਰਿੜ੍ਹ ਕਰਾਇਆ ਤੇ ਮਨੁੱਖ ਦੀ ਏਕਤਾ ਨੂੰ ਖੰਡਨ ਹੋਣ ਤੋਂ ਬਚਾਇਆ।

ਗੁਰਬਾਣੀ ਦੀ ਤੁਕ ਬੋਲ ਕੇ ਦੋਖੀਆਂ ਨੂੰ ਸਿੱਧੇ ਰਾਹ 'ਤੇ ਲੈ ਆਉਂਦੇ। ਜਿਵੇਂ ਜਦੋਂ ਚੋਰ ਜਸਵੰਤ ਰਾਇ ਆਪ ਜੀ ਦੇ ਦਰਬਾਰ ਆਇਆ-ਆਪ ਜੀ ਨੇ 'ਚੋਰ ਕੀ ਹਾਮਾ ਭਰੇ ਨਾ ਕੋਇ॥ ਚੋਰੁ ਕੀਆ ਚੰਗਾ ਕਿਉ ਹੋਇ' ਸ਼ਬਦ ਉਚਾਰ ਉਸ 'ਤੇ ਭਰਵੀਂ ਨਜ਼ਰ ਪਾਈ। ਉਹ ਰੋ ਪਿਆ ਤੇ ਗੁਰੂ ਜੀ ਤੋਂ ਖਿਮਾ ਮੰਗ ਉਸ ਨੇ ਸੰਗਤ ਸਾਹਮਣੇ ਹੀ ਪ੍ਰਣ ਕੀਤਾ ਕਿ ਉਹ ਅੱਗੇ ਤੋਂ ਹੱਥੀਂ ਕਿਰਤ ਕਰੇਗਾ।

'ਸੀਸਿ ਨਿਵਾਇਐ ਕਿਆ ਥੀਐ ਜਾ ਰਿਦੈ ਕੁਸੁਧੇ ਜਾਹਿ। ਸ੍ਰੀ ਗੁਰੂ ਨਾਨਕ ਦੇਵ ਜੀ ਦੀ ਇਹ ਤੁਕ ਜਦੋਂ ਆਪ ਜੀ ਦੀ ਰਸਨਾ ਤੋਂ ਸੁਣੀ ਤਾਂ ਗੇਂਦਾ ਮਲ ਦਾ ਅੰਦਰਲਾ ਹਿੱਲ ਗਿਆ। ਉਸ ਨੇ ਜੂਆ ਖੇਡਣ ਤੇ ਸ਼ਰਾਬ ਪੀਣ ਦੀ ਭੈੜੀ ਵਾਦੀ ਤਿਆਗਣ ਦਾ ਪ੍ਰਣ ਲਿਆ। ਪੰਚ ਨੰਦ ਚੰਦ ਵਿਭਚਾਰੀ ਤੇ ਇਸ ਤਰ੍ਹਾਂ ਕਈ ਹੋਰ ਆਪ ਜੀ ਦੇ ਪਿਆਰ ਭਰੇ ਮਿੱਠੇ ਤੇ ਤੀਰ ਵਿੰਨ੍ਹੇ ਬਚਨਾਂ ਸਦਕਾ ਨੇਕ ਤੇ ਗੁਰਸਿੱਖ ਬਣੇ।

ਆਪ ਜੀ ਦੇ ਦਰਸ਼ਨਾਂ ਸਦਕਾ ਹੀ ਲੋਕਾਂ ਦੇ ਦੁੱਖ ਦੂਰ ਹੋ ਜਾਂਦੇ। ਆਪ ਜੀ ਗਲੀਆਂ-ਕੁਚਿਆਂ ਵਿਚ ਜਾ ਜਾ ਕੇ ਰੋਗੀਆਂ ਦੇ ਰੋਗਾਂ ਦਾ ਨਿਵਾਰਨ ਕਰਦੇ।

ਬਸੰਤ੍ਰ ਨਾਂ ਦੇ ਕਾਸ਼ੀ ਤੋਂ ਆਏ ਬ੍ਰਾਹਮਣ ਦਾ ਜਿੱਥੇ ਕੁਸ਼ਟ ਰੋਗ ਦੂਰ ਕੀਤਾ ਉੱਥੇ ਉਸ ਨੂੰ ਊਚ-ਨੀਚ, ਜਾਤ-ਪਾਤ, ਬ੍ਰਾਹਮਣ-ਸ਼ੂਦਰ ਦੇ ਕੋਝੇ ਵਿਚਾਰਾਂ ਨੂੰ ਦੂਰ ਕਰਨ ਦਾ ਉਪਦੇਸ਼ ਦਿੱਤਾ।

ਮਾਨਸਿਕ ਰੋਗ ਨਾਲ ਪੀੜਤ ਜੋਧੇ ਨਈਆ ਸ਼ਸਤ੍ਰ ਨੂੰ ਕੇਸਾਧਾਰੀ ਹੋ ਕੇ ਨਾਮ ਜਪਣ ਤੇ ਸਿਮਰਨ ਕਰਨ ਦਾ ਉਪਦੇਸ਼ ਦੇ ਕੇ ਉਸ ਦਾ ਮਾਨਸਿਕ ਰੋਗ ਦੂਰ ਕੀਤਾ ਜਿਸ ਨੇ ਸਹੀ ਅਰਥਾਂ ਵਿਚ 'ਯੋਧਾ' ਬਣ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੇਂ ਵੀ ਸੇਵਾ ਕੀਤੀ।

ਰੋਪੜ ਦੇ ਰਹਿਣ ਵਾਲੇ ਸ਼ਾਹੂਕਾਰ ਰਾਜਾ ਰਾਮ ਜੋ ਕੁੜੀਮਾਰ ਸੀ, ਨੂੰ ਦਰਬਾਰ ਵਿਚ ਹਾਜ਼ਰੀ ਭਰਨ ਦੀ ਆਗਿਆ ਨਾ ਦਿੱਤੀ ਤੇ ਸੰਗਤ ਨੂੰ ਹੁਕਮ ਕੀਤਾ ਕਿ ਕੁੜੀਮਾਰ ਨਾਲ ਨਹੀਂ ਵਰਤਣਾ।

ਭਾਈ ਫਕੀਰੀਆ, ਭੋਲਾ, ਭੀਮਾ ਅਤੇ ਸੰਗਤ ਵਰਗੇ ਮੱਖਟੂ ਗੀਤ ਗਾ ਕੇ ਦਰ-ਦਰ ਭਿੱਖਿਆ ਮੰਗਦਿਆਂ ਨੂੰ ਕਿਰਤ ਕਰਨ ਤੇ ਵੰਡ ਖਾਣ ਦਾ ਉਪਦੇਸ਼ ਦੇ ਕੇ ਗੁਰੂ-ਘਰ ਦੇ ਸੇਵਾਦਾਰ ਬਣਾ ਦਿੱਤਾ।

ਗੁਰਬਾਣੀ ਦੇ ਪ੍ਰਚਾਰ ਤੇ ਸਤਿਕਾਰ ਲਈ ਭਾਈ ਮਨੀ ਸਿੰਘ ਜੀ ਤੇ ਭਾਈ ਦਿਆਲਾ ਜੀ ਤੋਂ ਬਾਣੀ ਦੀਆਂ ਪੋਥੀਆਂ ਲਿਖਵਾ ਕੇ ਸੰਗਤਾਂ ਵਿਚ ਵੰਡੀਆਂ।

ਦਵਾਖਾਨੇ ਵਿਚ ਦਵਾਈਆਂ ਤੇ ਰੋਗੀਆਂ ਦੀ ਦੇਖ-ਰੇਖ ਦਾ ਪੂਰਾ ਪ੍ਰਬੰਧ ਕੀਤਾ।

ਸ਼ਾਮ ਨੂੰ ਅਖਾੜਿਆਂ ਵਿਚ ਨੇਜ਼ਾਬਾਜ਼ੀ, ਘੋੜ ਸਵਾਰੀ, ਕੁਸ਼ਤੀਆਂ ਕਰਵਾ ਕੇ ਜੇਤੂਆਂ ਨੂੰ ਇਨਾਮ ਵੰਡਦੇ ਤੇ ਗੁਰੂ-ਘਰ ਆਉਣ ਵਾਲੀਆਂ ਸੰਗਤਾਂ ਨੂੰ ਆਪਣੀ ਮਿੱਠੀ ਬਾਣੀ, ਪਿਆਰ ਭਰੀ ਤਕਣੀ ਨਾਲ ਨਿਹਾਲ ਕਰਦੇ ਤੇ ਸੰਗਤਾਂ ਨੂੰ ਆਪਣੇ ਹੱਥੀਂ ਪਰਸ਼ਾਦਾ ਛਕਾਉਂਦੇ ।

ਰਾਜਾ ਜੈ ਸਿੰਹੁ ਦੇ ਸੱਦੇ 'ਤੇ ਸਿੱਖ ਸੰਗਤਾਂ ਦੇ ਮਸ਼ਵਰੇ ਨਾਲ ਦਿੱਲੀ ਜਾਣਾ ਤਾਂ ਮੰਨੇ ਪਰ ਔਰੰਗਜ਼ੇਬ ਨੂੰ ਪਿਤਾ ਗੁਰੂ ਸ੍ਰੀ ਗੁਰੂ ਹਰਿਰਾਇ ਸਾਹਿਬ ਜੀ ਦੀ ਆਗਿਆ ਅਨੁਸਾਰ ਦਰਸ਼ਨ ਦੇਣ ਤੋਂ ਇਨਕਾਰ ਕੀਤਾ।

ਭਰਾ ਰਾਮਰਾਇ ਅਤੇ ਔਰੰਗਜ਼ੇਬ ਦੀਆਂ ਸਿਆਸੀ ਚਾਲਾਂ ਦੀ ਪਰਵਾਹ ਨਾ ਕਰਦੇ ਹੋਏ ਬੜੀ ਨਿਡਰਤਾ ਤੇ ਸੂਝ-ਬੂਝ ਨਾਲ ਸਿੱਖ ਜਥੇਬੰਦੀ ਨੂੰ ਮਜ਼ਬੂਤ ਕੀਤਾ।

ਦਿੱਲੀ ਜਾਣ ਸਮੇਂ ਅੰਬਾਲੇ ਕੋਲ ਪੰਜੋਖਰੇ ਦੇ ਸਥਾਨ 'ਤੇ ਛੱਜੂ ਨਾਮੀ ਝੀਵਰ ਤੋਂ ਗੀਤਾ ਦੇ ਅਰਥ ਕਰਾ ਪੰਡਤ ਲਾਲ ਚੰਦ ਦਾ ਹੰਕਾਰ ਤੋੜਿਆ।

ਦਿੱਲੀ ਪੁੱਜ ਕੇ ਰਾਜਾ ਜੈ ਸਿਹੁੰ ਦੇ ਬੰਗਲੇ ਵਿਖੇ ਟਿਕਾਣਾ ਕੀਤਾ।

ਰਾਜਾ ਜੈ ਸਿਹੁੰ ਦੀ ਰਾਣੀ ਜੋ ਗੋਲੀ ਬਣ ਬੈਠੀ ਸੀ ਨੂੰ 'ਮਾਂ' ਕਹਿ ਕੇ ਪੁਕਾਰਿਆ ਤੇ ਉਸ ਦੀ ਆਸ ਪੂਰੀ ਤਾਂ ਕੀਤੀ ਪਰ ਉਸ ਨੂੰ ਕਿਹਾ ਇਸ ਕਪਟ ਵਿਚ ਉਸ ਨੂੰ ਕਿਸੇ ਦਾ ਸਾਥ ਨਹੀਂ ਦੇਣਾ ਚਾਹੀਦਾ ਸੀ।

ਦਿੱਲੀ ਵਿਖੇ ਭਿਆਨਕ ਬਿਮਾਰੀ ਸਮੇਂ ਆਪ ਜੀ ਨੇ ਰੋਗੀਆਂ ਦੀ ਹੱਥੀਂ ਸੇਵਾ ਕੀਤੀ। ਆਪ ਜੀ ਦੇ ਦਰਸ਼ਨ ਕਰ ਕੇ ਰੋਗੀਆਂ ਦੇ ਦੁੱਖ ਦੂਰ ਹੁੰਦੇ।

ਇਸ ਭਿਆਨਕ ਬਿਮਾਰੀ ਦਾ ਅਸਰ ਆਪ ਜੀ ਦੇ ਸਰੀਰ 'ਤੇ ਪਿਆ। ਅੰਤਲੇ ਸਮੇਂ ਸੰਗਤਾਂ ਤੇ ਮਾਤਾ ਜੀ ਨੂੰ ਉਪਦੇਸ਼ ਦਿੱਤਾ ਕਿ ਭਾਣਾ ਮੰਨਣਾ ਹੈ। ਨੌਵੇਂ ਗੁਰੂ 'ਬਾਬਾ ਬਕਾਲੇ' ਕਹਿ ਕੇ ਜੋਤੀ ਜੋਤਿ ਸਮਾ ਗਏ।

30 ਅਗਸਤ ਸੰਪੂਰਨਤਾ ਦਿਵਸ ਲਈ ਵਿਸ਼ੇਸ਼:

# ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੀ ਸੰਪੂਰਨਤਾ

-ਗਿਆਨੀ ਜਸਬੀਰ ਸਿੰਘ ਤੇਗ

ਸਾਹਿਬ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਆਦਿ ਬੀੜ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪੂਰਨ ਸਰੂਪ ਤਿਆਰ ਕਰਵਾ ਕੇ ਸਿੱਖ-ਪੰਥ 'ਤੇ ਮਹਾਨ ਪਰਉਪਕਾਰ ਕੀਤਾ। ਇਸੇ ਮਹਾਨ ਕਾਰਜ ਕਰਕੇ ਸਿੱਖ-ਪੰਥ ਨੇ ਇਸ ਅਸਥਾਨ ਨੂੰ ਪੰਜਵਾਂ ਤਖ਼ਤ ਹੋਣ ਦਾ ਮਾਣ ਬਖਸ਼ਿਆ। ਜਿਥੇ ਇਹ ਮਹਾਨ ਕਾਰਜ ਹੋਇਆ ਉਹ ਭਾਗਾਂ-ਭਰੀ ਧਰਤੀ ਤਲਵੰਡੀ ਸਾਬੋ (ਬਠਿੰਡਾ) ਦਮਦਮਾ ਸਾਹਿਬ ਹੈ।

ਐਸੇ ਮਹਾਨ ਕਾਰਜਾਂ ਲਈ ਕਰਤਾ, ਸਮਾਂ ਤੇ ਜਗ੍ਹਾ ਦੀ ਇਕਸਾਰਤਾ ਹੋਣੀ ਲਾਜ਼ਮੀ ਹੈ। ਫੇਰ ਹੀ ਐਸੇ ਮਹਾਨ ਕਾਰਜ ਸੰਪੂਰਨ ਹੁੰਦੇ ਹਨ। ਕੁਦਰਤ ਵੱਲੋਂ ਐਸਾ ਸਮਾਂ ਪਹਿਲਾਂ ਤੋਂ ਉਲੀਕਿਆ ਹੁੰਦਾ ਹੈ।

ਇਤਿਹਾਸਕ ਜ਼ਿਕਰ ਹੈ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦਾ ਬਹੁਤ ਸਾਰਾ ਸਮਾਂ ਜੰਗਾਂ, ਜੁੱਧਾਂ ਵਿਚ ਹੀ ਗੁਜ਼ਰਿਆ। ਇਸ ਸਮੇਂ ਦੌਰਾਨ ਵੀ ਗੁਰੂ ਸਾਹਿਬ ਸਾਹਿਤ ਸਿਰਜਣਾ ਕਰਦੇ ਰਹੇ ਤੇ ਕਰਵਾਉਂਦੇ ਰਹੇ। ਸਮੇਂ-ਸਮੇਂ ਸਿੱਖ ਗੁਰੂ ਪਾਤਸ਼ਾਹ ਦੇ ਹਜ਼ੂਰ ਬੇਨਤੀ ਕਰਦੇ ਰਹੇ ਕਿ ਪਾਤਸ਼ਾਹ ਗੁਰੂ ਤੇਗ ਬਹਾਦਰ ਸਾਹਿਬ ਜੀ ਦੀ ਬਾਣੀ ਆਦਿ ਬੀੜ ਵਿਚ ਦਰਜ ਕਰਕੇ ਆਦਿ ਬੀੜ ਸੰਪੂਰਨ ਕਰੋ। ਗੁਰੂ ਪਾਤਸ਼ਾਹ ਉਚਿਤ ਸਮੇਂ ਦੀ ਉਡੀਕ ਲਈ ਕਹਿ ਦਿਆ ਕਰਦੇ। ਸਮਾਂ ਲੰਘਦਾ ਗਿਆ। ਗੁਰੂ ਪਾਤਸ਼ਾਹ ਜਿਸ ਵਕਤ ਜੰਗਾਂ-ਜੁੱਧਾਂ ਤੋਂ ਵਿਹਲੇ ਹੋ ਕੇ ਦੇਸ਼ ਕੌਮ ਲਈ ਸਰਬੰਸ ਵਾਰ ਕੇ ਮਾਲਵੇ ਦੇਸ਼ ਵਿਚ ਗਏ। ਉਥੇ ਇਲਾਕੇ ਦੇ ਚੌਧਰੀ ਭਾਈ ਡੱਲੇ ਦੀ ਬੇਨਤੀ ਪੁਰ ਡੇਰਾ ਕੀਤਾ ਦਮਦਮਾ ਸਾਹਿਬ (ਭਾਵ ਦਮ ਲਿਆ ਅਰਾਮ ਕੀਤਾ) ਤੇ ਕਮਰਕੱਸਾ ਖੋਲ੍ਹਿਆ। ਇਸ ਅਸਥਾਨ 'ਤੇ ਗੁਰੂ ਸਾਹਿਬ ੯ ਮਹੀਨੇ ਤੇ ੯ ਦਿਨ ਠਹਿਰੇ।



ਕੁਝ ਅਰਾਮ ਤੇ ਠਹਿਰਾ ਦਾ ਸਮਾਂ ਵਿਚਾਰ ਕੇ ਸਿੱਖਾਂ ਨੇ ਪਾਤਸ਼ਾਹ ਹਜ਼ੂਰ ਪਾਸ ਬੇਨਤੀ ਕੀਤੀ ਕਿ ਪਾਤਸ਼ਾਹ ਹੁਣ ਕਿਰਪਾ ਕਰੋ, ਆਦਿ ਬੀੜ ਸ੍ਰੀ ਗੁਰੂ ਅਰਜਨ ਪਾਤਸ਼ਾਹ ਦੀ ਰਚਿਤ ਬੀੜ ਵਿਚ ਨੌਵੇਂ ਪਾਤਸ਼ਾਹ ਦੀ ਬਾਣੀ ਦਰਜ ਕਰਕੇ ਸੰਪੂਰਨਤਾ ਬਖ਼ਸ਼ੋ। ਪਾਤਸ਼ਾਹ ਨੇ ਵੀ ਠੀਕ ਸਮਾਂ ਜਮਝਿਆ ਤੇ ਸਿੱਖਾਂ ਦੀ ਬੇਨਤੀ ਪ੍ਰਵਾਨ ਕਰ ਲਈ। ਹਜ਼ੂਰ ਨੇ ਸਿੱਖਾਂ ਨੂੰ ਕਿਹਾ ਧੀਰਮਲ ਪਾਸੋਂ ਆਦਿ ਬੀੜ ਲੈ ਆਵੋ। ਅਸੀਂ ਯਤਨ ਆਰੰਭ ਕਰਦੇ ਹਾਂ। ਸਿੱਖਾਂ ਨੂੰ ਉਸ ਵਕਤ ਬੜੀ ਨਿਰਾਸ਼ਾ ਹੋਈ ਜਿਸ ਵਕਤ ਧੀਰਮਲ ਨੇ ਆਦਿ ਬੀੜ ਦੇਣ ਤੋਂ ਨਾਂਹ ਕਰ ਦਿੱਤੀ ਤੇ ਕਿਹਾ ਜੇਕਰ ਗੁਰੂ ਸਾਹਿਬ ਵਾਕੇ ਹੀ ਗੁਰੂ ਨਾਨਕ ਦੀ ਗੱਦੀ 'ਤੇ ਬਿਰਾਜਮਾਨ ਹਨ ਤਾਂ ਗੁਰੂ ਅਰਜਨ ਦੇਵ ਜੀ ਵਾਂਗੂੰ ਸਾਰੀ ਬਾਣੀ ਆਪ ਹੀ ਰਚ ਲੈਣ। ਸਾਰੀ ਵਾਰਤਾ ਸਿੱਖਾਂ ਨੇ ਗੁਰੂ ਸਾਹਿਬ ਜੀ ਨੂੰ ਕਹਿ ਸੁਣਾਈ। ਪਾਤਸ਼ਾਹ ਨੇ ਵਿਚਾਰਿਆ ਜੇਕਰ ਹੁਣ ਅਸਾਂ ਬਾਣੀ ਨਾ ਰਚੀ ਤਾਂ ਸਿੱਖਾਂ ਦੇ ਮਨ ਭਰਮ ਗ੍ਰਸਤ ਹੋ ਜਾਣਗੇ। ਭਰਮ ਗ੍ਰਸਤ ਹੋਣ ਕਰਕੇ ਕਲਿਆਣ ਹੋਣੀ ਮੁਸ਼ਕਲ ਹੈ। ਗੁਰੂ ਸਾਹਿਬ ਜੀ ਵੀ ਚਾਹੁੰਦੇ ਸਨ ਕਿ ਸਾਡੇ ਸਿੱਖ ਭਰਮ ਗ੍ਰਸਤ ਨਾ ਹੋਣ।

ਪਾਤਸ਼ਾਹ ਨੇ ਮੁਖ ਸਿੱਖਾਂ ਨਾਲ ਸਲਾਹ ਕਰ ਤੇ ਇਸ ਮਹਾਨ ਕਾਰਜ ਦੀ ਸੰਪੂਰਨਤਾ ਨਜ਼ਦੀਕ ਜਾਣ ਕੇ ਕਾਰਜ ਆਰੰਭ ਕਰਨ ਦੀ ਯੋਜਨਾ ਉਲੀਕੀ। ਇਸ ਕਾਰਜ ਲਈ ਦੋ ਤੰਬੂ ਲਗਵਾਏ ਗਏ ਇਕ ਗੁਰੂ ਸਾਹਿਬ ਜੀ ਵਾਸਤੇ ਤੇ ਦੂਜੇ ਤੰਬੂ ਵਿਚ ਬਾਣੀ ਲਿਖਣ ਵਾਸਤੇ। ਬਾਣੀ ਲਿਖਣ ਦੀ ਸੇਵਾ ਪਾਤਸ਼ਾਹ ਨੇ ਭਾਈ ਮਨੀ ਸਿੰਘ ਜੀ ਨੂੰ ਸੌਂਪੀ ਤੇ ਇਹਨਾਂ ਦੀ ਸਹਾਇਤਾ ਲਈ ਬਾਬਾ ਦੀਪ ਸਿੰਘ ਜੀ ਨੂੰ ਨਿਯੁਕਤ ਕੀਤਾ। ਬਾਬਾ ਦੀਪ ਸਿੰਘ ਜੀ ਸਿਆਹੀ, ਕਲਮਾਂ, ਕਾਗਜ਼ ਆਦਿ ਤਿਆਰ ਰੱਖਣ ਦੀ ਸੇਵਾ ਨਿਭਾਉਣਗੇ। ਇਸ ਤਰ੍ਹਾਂ ਗੁਰੂ ਸਾਹਿਬ ਜੀ ਨੇ ਸਾਰੀ ਸੇਵਾ ਵੰਡ ਦਿੱਤੀ।

ਸੰਗਤ ਪ੍ਰਤੀ ਹੁਕਮ ਕੀਤਾ ਕਿ ਜਿਸ ਵਕਤ ਅਸੀਂ ਇਹ ਮਹਾਨ ਕਾਰਜ ਕਰ ਰਹੀਏ ਹੋਈਏ ਉਸ ਵਕਤ ਕੋਈ ਵੀ ਸਾਡੀ ਇਕਾਂਤ ਭੰਗ ਨਾ ਕਰੇ। ਐਸੇ ਮਹਾਨ ਕਾਰਜ ਪੂਰੀ ਇਕਾਂਤ ਵਿਚ ਹੀ ਸੰਭਵ ਹੁੰਦੇ ਹਨ। ਗੁਰੂ ਅਰਜਨ ਦੇਵ ਜੀ ਨੇ ਵੀ ਆਦਿ ਬੀੜ ਲਿਖਣ ਲਈ ਸ੍ਰੀ ਰਾਮਸਰ ਸਾਹਿਬ ਦੀ ਇਕਾਂਤ ਤੇ ਮਨਮੋਹਕ ਥਾਂ ਦੀ ਚੋਣ ਕੀਤੀ ਸੀ। ਦਸਮ ਪਾਤਸ਼ਾਹ ਨੇ ਵੀ ਇਕਾਂਤ ਥਾਂ ਲੱਭੀ ਇਹ ਦਮਦਮਾ ਸਾਹਿਬ ਵਾਲੀ ਜਗ੍ਹਾ। ਗੁਰੂ ਸਾਹਿਬ ਜੀ ਨੇ ਰੋਜ਼ ਸਵੇਰੇ ਸਵਾ ਪਹਿਰ ਆਤਮਕ ਤੌਰ 'ਤੇ ਬਾਣੀ ਉਚਾਰਨੀ ਤੇ ਭਾਈ ਮਨੀ ਸਿੰਘ ਜੀ ਨੇ ਅਲੱਗ ਤੰਬੂ ਵਿਚ ਬੈਠ ਕੇ ਲਿਖੀ ਜਾਣੀ। ਇਸ ਤਰ੍ਹਾਂ ਕੁਝ ਮਹੀਨਿਆਂ ਬਾਅਦ ਅਕਤੂਬਰ ੧੭੦੬ ਨੂੰ ਬੀੜ ਸਾਹਿਬ ਤਿਆਰ ਹੋ ਗਈ। ਰਾਗ ਕ੍ਰਮ ਅਨੁਸਾਰ ਗੁਰੂ ਤੇਗ ਬਹਾਦਰ ਜੀ ਦੀ ਬਾਣੀ ਦਰਜ ਹੋ ਗਈ। ਇਹ ਬੜਾ ਮਹਾਨ ਕਾਰਜ ਸੰਪੂਰਨ ਹੋਇਆ। ਸਿੱਖ ਸੰਗਤਾਂ ਦੀ ਖੁਸ਼ੀ ਦੀ ਕੋਈ ਹੱਦ ਨਾ ਰਹੀ ਕਿਉਂਕਿ ਕਾਫੀ ਸਮੇਂ ਬਾਅਦ ਉਹਨਾਂ ਦੀ ਬੇਨਤੀ ਪ੍ਰਵਾਨ ਹੋਈ ਸੀ। ਉਸ ਵਕਤ ਇਸ ਬੀੜ ਨੂੰ ਦਸਮ ਪਾਤਸ਼ਾਹ ਦੀ ਬੀੜ ਮਗਰੋਂ ਪੰਥ ਨੇ ਦਮਦਮੀ ਬੀੜ ਦਾ ਨਾਮ ਦੇ ਕੇ ਸਤਿਕਾਰਿਆ। ਬੀੜ ਸਾਹਿਬ ਦੀ ਸੰਪੂਰਨਤਾ 'ਤੇ ਬੜਾ ਭਾਰੀ ਇਕੱਠ ਹੋਇਆ ਦੇਸ਼ਾਂ ਦੇਸ਼ਾਂਤਰਾਂ ਤੋਂ ਬੇਅੰਤ ਸੰਗਤ ਤਲਵੰਡੀ ਸਾਬੋ ਇਕੱਤਰ ਹੋਈ। ਸੰਗਤਾਂ ਨੂੰ ਬੜੇ ਸਮੇਂ ਬਾਅਦ ਗੁਰੂ ਸਾਹਿਬ ਜੀ ਦੇ ਖੁੱਲ੍ਹੇ ਦਰਸ਼ਨ ਦੀਦਾਰ ਤੇ ਸਮੀਪਤਾ ਪ੍ਰਾਪਤ ਹੋਈ ਸੀ। ਇਸ ਕਾਰਜ ਦੀ ਸੰਪੂਰਨਤਾ 'ਤੇ ਗੁਰੂ ਸਾਹਿਬ ਜੀ ਨੇ ਇਸ ਧਰਤ ਨੂੰ ਬੜੇ ਵਰ ਦਿੱਤੇ। ਸਿੱਖਾਂ ਦੀ ਬੇਨਤੀ 'ਤੇ ਇਥੇ ਹੀ ਗੁਰੂ ਸਾਹਿਬ ਜੀ ਨੇ ਸਿੱਖਾਂ ਨੂੰ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਅਰਥ ਸੁਣਾਏ ਤੇ ਅੱਗੋਂ ਸੰਪ੍ਰਦਾਈ ਟਕਸਾਲੀਆਂ ਦੀ ਟਕਸਾਲ ਆਰੰਭ ਹੋਈ।

ਜਿਸ ਅਸਥਾਨ ਤੇ ਗੁਰੂ ਸਾਹਿਬ ਕਲਮਾਂ ਘੜ ਕੇ ਸੁਟਦੇ ਸਨ ਉਸ ਅਸਥਾਨ ਨੂੰ ਲਿਖਣਸਾਰ ਦਾ ਵਰ ਬਖ਼ਸ਼ਿਆ ਤੇ ਫੁਰਮਾਇਆ ਇਹ ਸਾਡੀ ਕਾਂਸ਼ੀ ਹੈ:

> ਇਹ ਹੈ ਪ੍ਰਗਟ ਹਮਾਰੀ ਕਾਸੀ। ਪੜ੍ਹ ਹੈਂ ਇਹਾਂ ਢੋਰ ਮਤਿਰਾਸੀ।
> ਲੇਖਕ ਗੁਣੀ ਕਵਿੰਦ ਗਿਆਨੀ। ਬੁੱਧਿ ਸਿੰਧੁ ਹੈ ਹੈਂ ਇਤ ਆਨੀ।
> ਤਿਨ ਕੇ ਕਾਰਨ ਕਲਮ ਗਢ, ਦੇਤ ਪ੍ਰਗਟ ਹਮ ਡਾਰ।
> ਸਿੱਖ ਸਖਾ ਇਤ ਪੜੈਗੇ ਹਮਰੇ ਕਈ ਹਜ਼ਾਰ।

(ਗੁਰ ਬਿਲਾਸ ਪਾ: ੧੦)

ਦਸਮ ਪਾਤਸ਼ਾਹ ਦੇ ਵਰ ਮੁਤਾਬਿਕ ਅਨੇਕਾਂ ਸਿਖਿਆਰਥੀ ਇਥੇ ਦਮਦਮਾ ਸਾਹਿਬ ਗੁਰਮਤਿ ਦੀ ਸਿੱਖਿਆ ਪ੍ਰਾਪਤ ਕਰ ਰਹੇ ਹਨ। ਇਥੇ ਗੁਰਮਤਿ ਕਾਲਜ ਵੀ ਚਲ ਰਿਹਾ ਹੈ। ਵਿਦਿਆਰਥੀ ਇਥੋਂ ਵਿਦਿਆ ਪ੍ਰਾਪਤ ਕਰਕੇ ਦੇਸ਼ਾਂ ਦੇਸ਼ਾਂਤਰਾਂ ਵਿਚ ਗੁਰਮਤਿ ਵਿਦਿਆ ਦਾ ਪ੍ਰਸਾਰ ਪ੍ਰਚਾਰ ਕਰ ਰਹੇ ਹਨ। ਅੱਜ ਸਿੱਖ-ਜਗਤ ਵਿਚ ਇਥੋਂ ਦੇ ਪੜ੍ਹੇ, ਸਿਖਿਆਰਥੀਆਂ ਦਾ ਵੱਡੇ ਪੱਧਰ 'ਤੇ ਮਾਣ ਸਤਿਕਾਰ ਹੈ।

ਇਸ ਤਿਆਰ ਹੋਈ ਦਮਦਮੀ ਬੀੜ ਤੋਂ ਹੋਰ ਕਈ ਉਤਾਰੇ ਕੀਤੇ ਗਏ। ਜ਼ਿਕਰ ਆਉਂਦਾ ਹੈ ਕਿ ਬਾਬਾ ਦੀਪ ਸਿੰਘ ਜੀ ਨੇ ਵੱਡੀ ਘਾਲਣਾ ਘਾਲ ਕੇ ਚਾਰ ਉਤਾਰੇ ਕੀਤੇ ਤੇ ਚਾਰ ਤਖ਼ਤਾਂ 'ਤੇ ਭੇਜੇ। ਸਿੱਖ ਕੌਮ ਦੀ ਤਰਾਸਦੀ ਇਹ ਰਹੀ ਕਿ ਇਹ ਦਮਦਮੀ ਬੀੜ ਵੱਡੇ ਘੱਲੂਘਾਰੇ ਦੇ ਜੰਗ ਵਿਚ ਪੰਥ ਹੱਥੋਂ ਜਾਂਦੀ ਰਹੀ। ਅੱਜ ਜੋ ਸਰੂਪ ਸਾਡੇ ਸਾਹਮਣੇ ਹਨ ਇਹ ਸਭ ਦਮਦਮੀ ਬੀੜ ਅਨੁਸਾਰ ਹੀ ਹਨ।

ਦਮਦਮਾ ਸਾਹਿਬ ਵਾਲੇ ਅਸਥਾਨ 'ਤੇ ਜਿਸ ਵਕਤ ਗੁਰੂ ਸਾਹਿਬ ਠਹਿਰੇ ਉਸ ਵਕਤ ਵੈਸਾਖੀ ਦਾ ਪੁਰਬ ਮਨਾਇਆ ਗਿਆ। ਗੁਰੂ ਪਾਤਸ਼ਾਹ ਦੀ ਪ੍ਰੇਰਣਾ ਸਦਕਾ ਬੇਅੰਤ ਪ੍ਰਾਣੀਆਂ ਨੇ ਅੰਮ੍ਰਿਤ-ਪਾਨ ਕੀਤਾ। ਉਸੇ ਰਿਵਾਇਤ ਅਨੁਸਾਰ ਅੱਜ ਵੀ ਵੈਸਾਖੀ ਪੁਰਬ ਮਨਾਇਆ ਜਾਂਦਾ ਹੈ। ਬੇਅੰਤ ਸੰਗਤਾਂ ਹਾਜ਼ਰੀਆਂ ਭਰਦੀਆਂ ਹਨ। ਗੁਰੂ ਸਾਹਿਬ ਜੀ ਦੇ ਇਸ ਅਸਥਾਨ ਤੋਂ ਜਾਣ ਤੋਂ ਬਾਅਦ ਪੰਥ ਨੇ ਇਸ ਅਸਥਾਨ ਦੀ ਸੇਵਾ ਸੰਭਾਲ ਬਾਬਾ ਦੀਪ ਸਿੰਘ ਜੀ ਦੇ ਸਪੁਰਦ ਕੀਤੀ ਜਿਸ ਨੂੰ ਬਾਬਾ ਜੀ ਨੇ ਬਾਖ਼ੂਬੀ ਨਿਭਾਇਆ।

ਬਹੁਤ ਸਮਾਂ ਇਹ ਅਸਥਾਨ ਭਿਆਨਕ ਸਮਿਆਂ ਦੌਰਾਨ ਅਨਗੌਲਿਆ ਹੀ ਰਿਹਾ। ਫੇਰ ਵੱਡੀ ਮਿਹਨਤ ਸਦਕਾ ਸੰਨ ੧੯੨੧ ਤੋਂ ਸੰਤ ਅਤਰ ਸਿੰਘ ਜੀ ਮਸਤੂਆਣੇ ਵਾਲਿਆਂ ਨੇ ਸੇਵਾ ਸੰਭਾਲੀ।

ਗੁਰੂ ਸਾਹਿਬ ਦਾ ਦਿੱਤਾ ਹੋਇਆ ਵਰ ਕਿ ਇਹ ਬੰਜਰ ਇਲਾਕਾ ਸਭ ਤੋਂ ਵੱਧ ਜ਼ਰਖੇਜ਼ ਹੋਵੇਗਾ। ਬੜੀ ਭਾਰੀ ਹਰਿਆਲੀ ਹੋਵੇਗੀ ਇਸ ਇਲਾਕੇ ਵਿਚ ਇਹ ਵਰ ਸੰਨ ੧੯੩੯ ਵਿਚ ਫਲੀਭੂਤ ਹੋਇਆ ਜਿਸ ਵਕਤ ਇਸ ਇਲਾਕੇ ਵਿਚ ਨਹਿਰਾਂ ਦਾ ਜਾਲ ਵਿਛ ਗਿਆ। ਚਾਰੇ ਪਾਸੇ ਹਰਿਆਲੀ ਦਿਸਣ ਲੱਗੀ। ਸਭ ਨਾਲੋਂ ਵੱਧ ਜਿਨਸ ਦੀ ਪੈਦਾਵਾਰ ਹੋਣ ਲੱਗੀ।

ਅੱਜ ਸਿੱਖ-ਪੰਥ ਗੁਰੂ ਗ੍ਰੰਥ ਸਾਹਿਬ ਜੀ ਦਾ ਸੰਪੂਰਨਤਾ ਦਿਵਸ ਮਨਾ ਰਿਹਾ ਹੈ। ਆਓ! ਸਾਰੇ ਗੁਰੂ ਗ੍ਰੰਥ ਸਾਹਿਬ ਜੀ ਦੇ ਲੜ ਲਗੀਏ ਤੇ ਆਪਣਾ ਜੀਵਨ ਰੁਸ਼ਨਾਈਏ। ਅੱਜ ਦੇ ਸਮੇਂ ਜਿਸ ਤਰ੍ਹਾਂ ਦੀ ਅਧੋਗਤੀ ਬਣੀ ਹੋਈ ਹੈ ਇਸ ਸਮੇਂ ਗੁਰੂ ਸ਼ਬਦ ਗੁਰੂ ਗ੍ਰੰਥ ਸਾਹਿਬ ਜੀ ਦੇ ਉਪਦੇਸ਼ਾਂ ਦੀ ਵੱਡੀ ਲੋੜ ਹੈ। ਖਾਸ ਕਰਕੇ ਨੌਜਵਾਨ ਪੀੜ੍ਹੀ ਨੂੰ ਗੁਰੂ ਗ੍ਰੰਥ ਸਾਹਿਬ ਜੀ ਨਾਲ ਜੋੜੀਏ ਤਾਂਕਿ ਨੌਜਵਾਨ ਦਸਮ ਪਾਤਸ਼ਾਹ ਦੇ ਹੁਕਮ ਨੂੰ ਮੰਨਦੇ ਹੋਏ ਅੰਮ੍ਰਿਤ-ਧਾਰੀ ਹੋ ਕੇ ਗੁਰੂ ਵਾਲੇ ਬਣ ਕੇ ਪਤਿਤਪੁਣੇ, ਨਸ਼ੇ ਤੇ ਹੋਰ ਸਮਾਜਿਕ ਕੁਰੀਤੀਆਂ ਤੋਂ ਨਿਜ਼ਾਤ ਪਾਉਣ।

# ਹਰਿ ਕੇ ਨਾਮ ਬਿਨਾ ਦੁਖੁ ਪਾਵੈ

ਗਿਆਨੀ ਕੁਲਵੰਤ ਸਿੰਘ

ਗੁਰਮਤਿ ਵਿੱਚ ਨਾਮ ਜਪਣ ਦੀ ਬੜੀ ਮਹਿਮਾ ਹੈ। ਨਾਮ ਸਿਮਰਨ ਨੂੰ ਸਾਰੇ ਕੰਮਾਂ ਤੋਂ ਸ੍ਰੇਸ਼ਟ ਕਿਹਾ ਹੈ। ਨਾਮ ਤੋਂ ਬਿਨਾਂ ਜੀਵਨ ਵਿੱਚ ਸੁਖ, ਆਨੰਦ ਨਹੀਂ ਆ ਸਕਦਾ। ਹਰੇਕ ਮਨੁੱਖ ਚਾਹੁੰਦਾ ਹੈ ਕਿ ਜੀਵਨ ਸੁਖੀ ਹੋਵੇ, ਕੋਈ ਦੁੱਖ ਨਾ ਆਵੇ। ਸੁਖਾਂ ਦੀ ਪ੍ਰਾਪਤੀ। ਵਾਸਤੇ ਮਨੁੱਖ ਨੇ ਬੜੇ ਜਤਨ ਕੀਤੇ। ਗੁਰੂ ਤੇਗ ਬਹਾਦਰ ਜੀ ਦਾ ਬਚਨ ਵੀ ਹੈ–

ਜਤਨ ਬਹੁਤ ਸੁਖ ਕੇ ਕੀਏ ਦੁਖ ਕੋ ਕੀਓ ਨ ਕੋਇ ॥ (ਅੰਗ ੧੪੨੮)

ਪਰ ਏਨੇ ਜਤਨ ਕਰਨ 'ਤੇ ਵੀ ਮਨੁੱਖ ਨੂੰ ਸੁਖ ਨਹੀਂ ਮਿਲਿਆ। ਮਨੁੱਖ ਸੋਚਦਾ ਹੈ ਕਿ ਸ਼ਾਇਦ ਧਨ ਪਦਾਰਥ ਵਿੱਚ ਸੁਖ ਹੈ, ਇਸ ਲਈ ਸਾਰੀ ਉਮਰ ਧਨ ਹੀ ਇਕੱਠਾ ਕਰਦਾ ਰਹਿੰਦਾ ਹੈ, ਬੜੀਆਂ ਮੱਲਾਂ ਮੱਲਦਾ ਹੈ ਪਰ ਪਾਤਸ਼ਾਹ ਦਾ ਬਚਨ ਹੈ–

ਸੁਖੁ ਨਾਹੀ ਬਹੁਤੈ ਧਨਿ ਖਾਟੇ॥ ਸੁਖੁ ਨਾਹੀ ਪੇਖੇ ਨਿਰਤਿ ਨਾਟੇ ॥<br>
ਸੁਖੁ ਨਾਹੀ ਬਹੁ ਦੇਸ ਕਮਾਏ॥ ਸਰਬ ਸੁਖਾ ਹਰਿ ਹਰਿ ਗੁਣ ਗਾਏ ॥ (ਅੰਗ ੧੧੪੭)

ਜਿੰਨਾ ਚਿਰ ਮਨੁੱਖ ਸੁੱਖਾਂ ਦੇ ਦਾਤੇ ਪ੍ਰਮਾਤਮਾ ਨਾਲ ਨਹੀਂ ਜੁੜਦਾ। ਜੀਵਨ ਵਿੱਚ ਆਨੰਦ ਨਹੀਂ ਆਏਗਾ ਕਿਉਂਕਿ–

ਸਭ ਸੁਖ ਦਾਤਾ ਰਾਮੁ ਹੈ ਦੂਸਰ ਨਾਹਿਨ ਕੋਇ॥ (ਅੰਗ ੧੪੨੬)

ਪ੍ਰਮਾਤਮਾ ਤੋਂ ਵਿਛੜ ਕੇ ਤਾਂ ਜੀਵਨ ਨਰਕ ਬਣ ਜਾਂਦਾ ਹੈ। ਦੁੱਖਾਂ ਦਾ ਘਰ ਬਣ ਜਾਂਦਾ ਹੈ। ਸੁਪਨੇ ਵਿੱਚ ਵੀ ਕਦੇ ਸੁੱਖਾਂ ਦੀ ਪ੍ਰਾਪਤੀ ਨਹੀਂ ਹੁੰਦੀ। ਰੱਬ ਨਾਲੋਂ ਟੁੱਟ ਕੇ ਮਨੁੱਖ ਸੁੱਖ ਦੀ ਨੀਂਦ ਨਹੀਂ ਸੌਂ ਸਕਦਾ।

ਲਾਜ ਮਰੈ ਜੋ ਨਾਮੁ ਨ ਲੇਵੈ॥ ਨਾਮ ਬਿਹੂਨ ਸੁਖੀ ਕਿਉ ਸੋਵੈ॥ (ਅੰਗ ੧੧੪੮)

ਇਕ ਛਿਨ ਵੀ ਮਨੁੱਖ ਪ੍ਰੇਮ ਵਿੱਚ ਟਿਕ ਕੇ ਮਨ ਕਰਕੇ ਪ੍ਰਮਾਤਮਾ ਨੂੰ ਯਾਦ ਕਰੇ ਤਾਂ ਇਸ ਨੂੰ ਪਤਾ ਲਗੇਗਾ ਕਿ ਉਹ ਛਿਨ ਕਿੰਨਾ ਅਨੰਦਮਈ ਹੈ। ਮਨੁੱਖ ਜੀਵਨ ਦੀ ਬਾਜੀ ਜਿੱਤ ਕੇ ਜਾਏਗਾ ਪਰ ਭਗਤੀ ਤੋਂ ਬਿਨਾਂ ਨਾ ਤੇ ਜੀਵਨ ਸਫਲ ਹੈ, ਨਾ ਹੀ ਸੁੱਖ ਦੀ ਪ੍ਰਾਪਤੀ ਹੁੰਦੀ ਹੈ। ਗੁਰੂ ਅਰਜਨ ਦੇਵ ਜੀ ਮਹਾਰਾਜ ਦਾ ਗਉੜੀ ਰਾਗ ਵਿੱਚ ਬੜਾ ਸੁੰਦਰ ਫੁਰਮਾਨ ਹੈ–

ਸੁਖੁ ਨਾਹੀ ਰੇ ਹਰਿ ਭਗਤਿ ਬਿਨਾ॥<br>
ਜੀਤਿ ਜਨਮੁ ਇਹੁ ਰਤਨੁ ਅਮੋਲਕੁ ਸਾਧਸੰਗਿਤ ਜਪਿ ਇਕ ਖਿਨਾ॥ (ਅੰਗ ੨੧੦)

ਨਾਮ ਦੇ ਟਾਕਰੇ 'ਤੇ ਬਾਕੀ ਸਾਰੇ ਕਰਮ–ਕਾਂਡ ਵਿਅਰਥ ਹਨ।

ਇਕ ਸ਼ਬਦ ਵਿੱਚ ਗੁਰੂ ਅਰਜਨ ਦੇਵ ਜੀ ਨੇ ਅਨੇਕਾਂ ਕਰਮ–ਕਾਡਾਂ ਦਾ ਜ਼ਿਕਰ ਕੀਤਾ ਹੈ ਤੇ ਅਖੀਰ ਵਿੱਚ ਕਹਿ ਦਿੱਤਾ ਕਿ ਸਾਧ–ਸੰਗਤ ਨਾਲ ਮਿਲਕੇ ਪ੍ਰਮਾਤਮਾ ਦੇ ਗੁਣ ਗਾਉਣੇ ਸਭ ਤੋਂ ਉੱਤਮ ਕਰਮ ਹੈ ਪਰ ਸੰਗਤ ਪ੍ਰਭੂ ਦੀ ਕਿਰਪਾ ਨਾਲ ਮਿਲਦੀ ਹੈ.–

ਹਰਿ ਕੀਰਤਿ ਸਾਧਸੰਗਤਿ ਹੈ ਸਿਰਿ ਕਰਮਨ ਕੈ ਕਰਮਾ॥<br>
ਕਹੁ ਨਾਨਕ ਤਿਸੁ ਭਇਓ ਪਰਾਪਤਿ ਜਿਸੁ ਪੁਰਬ ਲਿਖੇ ਕਾ ਲਹਨਾ॥ (ਅੰਗ ੬੪੨)

ਨਾਮ ਤੋਂ ਬਿਨਾਂ ਮਨੁੱਖ ਦਾ ਹਿਰਦਾ ਵਿਕਾਰਾਂ ਦੀ ਅੱਗ ਵਿੱਚ ਸੜਦਾ ਹੈ। ਸਿਮਰਨ ਤੋਂ ਬਿਨਾਂ ਹੋਰ ਕੋਈ ਉਪਾਉ ਨਹੀਂ ਕਿ ਮਨੁੱਖ ਵਿਕਾਰਾਂ ਦੀ ਸੜਨ ਤੋਂ ਬਚ ਸਕੇ। ਸ੍ਰੀ ਰਾਗ ਵਿੱਚ ਗੁਰੂ ਨਾਨਕ ਦੇਵ ਜੀ ਦਾ ਫੁਰਮਾਨ ਹੈ–

ਹਰਿ ਬਿਨੁ ਜੀਉ ਜਲਿ ਬਲਿ ਜਾਉ ॥
ਮੈ ਆਪਣਾ ਗੁਰੁ ਪੂਛਿ ਦੇਖਿਆ ਅਵਰੁ ਨਾਹੀ ਥਾਉ॥ (ਅੰਗ ੧੪)

ਪਰਮਾਤਮਾ ਤੋਂ ਵਿਛੜ ਕੇ ਅਨੇਕਾਂ ਦੁੱਖ ਮਨੁੱਖ ਨੂੰ ਚੰਬੜਦੇ ਹਨ। ਇਸ ਨੂੰ ਵੇਖਦੇ ਹੀ ਗੁਰੂ ਸਾਹਿਬ ਨੇ ਕਹਿ ਦਿੱਤਾ—ਨਾਨਕ ਦੁਖੀਆ ਸਭ ਸੰਸਾਰ॥ ਜਦੋਂ ਕੋਈ ਨਾਮ ਹਿਰਦੇ ਵਿੱਚ ਵਸਾ ਲੈਂਦਾ ਹੈ। ਫਿਰ ਕੋਈ ਦੁੱਖ ਮਨੁੱਖ ਨੂੰ ਨਹੀਂ ਪੋਹ ਸਕਦਾ। ਐਸਾ ਮਨੁੱਖ ਹਰ ਹਾਲਤ ਵਿੱਚ ਪ੍ਰਸੰਨ ਰਹਿੰਦਾ ਹੈ। ਪਰ ਮਨਮੁਖ ਬੰਦਾ ਹਰ ਹਾਲਤ ਵਿੱਚ ਦੁਖੀ ਰਹਿੰਦਾ ਹੈ ਭਾਵੇਂ ਕਿੰਨੀਆਂ ਵੀ ਸਹੂਲਤਾਂ ਕੋਲ ਹੋਣ ।

ਡਿਠਾ ਸਭੁ ਸੰਸਾਰੁ ਸੁਖੁ ਨ ਨਾਮ ਬਿਨੁ ॥ (ਅੰਗ ੩੨੨)

ਪਰ ਇਹ ਭੇਦ ਗੁਰੂ ਤੋਂ ਮਿਲਦਾ ਹੈ। ਗੁਰੂ ਪਾਸੋਂ ਹੀ ਸੋਝੀ ਮਿਲਦੀ ਹੈ ਕਿ ਅਸਲ ਸੁੱਖ ਕੀ ਹੈ। ਗੁਰੂ ਤੇਗ ਬਹਾਦਰ ਜੀ ਦਾ ਬਿਲਾਵਲ ਰਾਗ ਵਿੱਚ ਫੁਰਮਾਨ ਹੈ–

ਹਰਿ ਕੇ ਨਾਮ ਬਿਨਾ ਦੁਖੁ ਪਾਵੈ ॥
ਭਗਤਿ ਬਿਨਾ ਸਹਸਾ ਨਹ ਚੂਕੈ ਗੁਰੁ ਇਹੁ ਭੇਦੁ ਬਤਾਵੈ॥ (ਅੰਗ ੮੩੦)

# ਕੌਮ ਦਾ ਜੀਵਨ

ਗਿਆਨੀ ਦਿੱਤ ਸਿੰਘ

ਪਿਆਰੇ ਪਾਠਕ ਇਨ੍ਹਾਂ ਮਜ਼ਮੂਨਾਂ ਨੂੰ ਦਿਲ ਲਾ ਕੇ ਵਿਚਾਰਨਗੇ ਤਾਂ ਜ਼ਰੂਰ ਇਹ ਖ਼ਿਆਲ ਕਰਨਗੇ ਕਿ ਖ਼ਾਲਸਾ ਅਖ਼ਬਾਰ ਦੀ ਪੁਕਾਰ ਕੋਈ ਅਨਥਾਂ ਨਹੀਂ ਹੈ ਅਤੇ ਨਾਲ ਹੀ ਇਸ ਕੌਮ ਦੇ ਜ਼ਿੰਦਾ ਰੱਖਨੇ ਵਾਲੇ ਅਸੂਲਾਂ ਦਾ ਧਾਰਨ ਕਰਨਗੇ।

ਸੰਸਾਰ ਦੀ ਹਰ ਇਕ ਛੋਟੀ ਅਤੇ ਵੱਡੀ ਵਸਤੂ ਸਾਨੂੰ ਇਹ ਉਪਦੇਸ਼ ਕਰ ਰਹੀ ਹੈ ਕਿ ਜੋ ਤੁਸੀਂ ਸਦਾ ਦੀ ਜ਼ਿੰਦਗੀ ਚਾਹੁੰਦੇ ਹੋ ਤਾਂ ਤੁਸੀਂ ਕਿਸੇ ਦੇ ਸਹਾਰੇ ਨਾਲ ਅਪਨਾ ਜੀਵਨ ਨਾ ਸਮਝੋ ਕਿੰਤੂ ਅਪਨੇ ਆਪ ਸੁਤੰਤਰ ਹੋ ਕੇ ਸੰਸਾਰ ਪਰ ਆਪ ਨੂੰ ਸਮਰੱਥਾਵਾਨ ਕਰੋ, ਜਦ ਅਸੀਂ ਹੋਰਨਾਂ ਦ੍ਰਿਸ਼ਟਾਂਤਾਂ ਨੂੰ ਛੱਡ ਕੇ ਬ੍ਰਿਖਾਂ ਦਾ ਨਮੂਨਾ ਅਪਨੀ ਅੱਖੀਆਂ ਦੇ ਸਾਮ੍ਹਨੇ ਰੱਖਦੇ ਹਾਂ ਤਾਂ ਸਾਨੂੰ ਏਹ ਸਿੱਖਿਆ ਮਿਲਦੀ ਹੈ ਕਿ ਬ੍ਰਿਖ ਦੀ ਸ਼ਾਇਆ ਹੇਠ ਦੂਜਾ ਬ੍ਰਿਖ ਨਹੀਂ ਵੱਧਦਾ, ਸਗੋਂ ਵੱਡਾ ਬ੍ਰਿਖ ਉਸ ਛੋਟੇ ਨੂੰ ਸੁਕਾ ਕੇ ਕੇਵਲ ਆਪ ਹੀ ਨਿਰਭੈ ਹੋ ਕੇ ਪਰਫੁਲਤ ਹੋ ਜਾਂਦਾ ਹੈ। ਕਈ ਜਗਾ ਦੇਖਨ ਵਿਚ ਆਯਾ ਹੈ ਜੋ ਬੇਰੀ ਦੇ ਰੁੱਖ ਨਾਲ ਇਕ ਬੋਹੜ ਯਾ ਪਿੱਪਲ ਦਾ ਦਰਖ਼ਤ ਲਗਾਇਆ ਗਿਆ ਹੈ ਜਿਸ ਦਾ ਨਤੀਜਾ ਇਹ ਹੋਇਆ ਹੈ ਜੋ ਬੋਹੜ ਨੇ ਬੇਰੀ ਨੂੰ ਭੰਨ ਤੋੜ ਕੇ ਅਪਨੇ ਵਿਚ ਹੀ ਮਿਲਾ ਲੀਤਾ ਹੈ, ਇਹ ਦ੍ਰਿਸ਼ਟਾਂਤ ਇਕ ਯਾ ਦੋ ਜਗਾ ਨਹੀਂ, ਕਿੰਤੂ ਸਾਰੇ ਹਿੰਦੁਸਤਾਨ ਦੇ ਨਗਰਾਂ ਵਿਚ ਪਾਇਆ ਜਾਂਦਾ ਹੈ। ਦੂਸਰਾ, ਲੋਕ ਭੀ ਆਖਦੇ ਹਨ ਕਿ "ਭਾਈ ਰੁੱਖ ਹੇਠ ਰੁੱਖ ਨਹੀਂ ਮੌਲਦਾ" ਇਸ ਤੇ ਭੀ ਸਾਫ ਪਾਇਆ ਜਾਂਦਾ ਹੈ ਕਿ ਕਿਸੇ ਵਸਤੂ ਦੇ ਸਾਏ ਹੇਠ ਦੂਜੀ ਵਸਤੂ ਨਹੀਂ ਮੌਲਦੀ।

ਏਸ ਉਪਰਲੇ ਦ੍ਰਿਸ਼ਟਾਂਤ ਤੇ ਅਸੀਂ ਕੌਮ ਦੀ ਉੱਨਤੀ ਦਾ ਨਤੀਜਾ ਨਿਕਾਲ ਸਕਦੇ ਹਾਂ ਕਿ ਕੋਈ ਕੌਮ ਕਿਸੇ ਦੂਸਰੀ ਕੌਮ ਦੇ ਸਾਏ ਹੇਠ ਰਹ ਕੇ ਯਾ ਉਸ ਦਾ ਹਿੱਸਾ ਅਤੇ ਸ਼ਾਖ ਬਨ ਕੇ ਕਦੇ ਭੀ ਸਰਸਬਜ਼ ਨਹੀਂ ਹੋਈ। ਇਸ ਦੇ ਦ੍ਰਿਸ਼ਟਾਂਤ ਭੀ ਸਾਡੀ ਅੱਖੀਂ ਦੇ ਸਾਮ੍ਹਨੇ ਪ੍ਰਤੱਖ ਪਾਏ ਜਾਂਦੇ ਹਨ ਜੈਸਾ ਕਿ ਈਸਾਈ ਕੌਮ ਪਹਲੇ ਯਹੂਦੀ ਕੌਮ ਵਿੱਚੋਂ ਪੈਦਾ ਹੋਈ ਸੀ, ਪਰੰਤੂ ਜੇ ਇਹ ਕੌਮ ਅਪਨੇ ਆਪ ਨੂੰ ਯਹੂਦੀਆਂ ਦਾ ਹਿੱਸਾ ਅਤੇ ਸ਼ਾਖ ਸਮਝਦੀ ਤਦ ਇਸ ਦੀ ਉੱਨਤੀ ਕਦੇ ਭੀ ਨਾ ਹੁੰਦੀ, ਕਿੰਤੂ ਇਸ ਨੇ ਜੋ ਉੱਨਤੀ ਕੀਤੀ ਸੋ ਅਪਨੀ ਪਹਲੀ ਕੌਮ ਥੋਂ ਜੁਦਾ ਹੋ ਕੇ ਕੀਤੀ ਇਸੀ ਪ੍ਰਕਾਰ ਮੁਸਲਮਾਨ ਕੌਮ ਭੀ ਪਹਿਲੇ ਯਹੂਦੀਆਂ ਵਿੱਚੋਂ ਹੀ ਨਿਕਲੀ ਸੀ, ਪਰੰਤੂ ਇਨ੍ਹਾਂ ਨੇ ਅਪਨੇ ਆਪ ਨੂੰ ਬਿਲਕੁਲ ਉਸ ਪੁਰਾਨੀ ਕੌਮ ਥੋਂ ਜੁਦਾ ਹੋ ਕੇ ਰੌਨਕ ਪਾਈ–ਭਾਵੇਂ ਈਸਾਈ ਅਤੇ ਮੁਸਲਮਾਨ ਮੂਸਾ, ਸੁਲੇਮਾਨ ਅਤੇ ਲੂਤ ਆਦਿਕ ਪੈਗੰਬਰਾਂ ਨੂੰ ਅਤੇ ਉਨ੍ਹਾਂ ਦੀ ਬਨਾਈ ਹੋਈਆਂ ਤੌਰੇਤ, ਜਬੂਰ ਆਦਿਕ ਕਤਾਬਾਂ ਨੂੰ ਮੰਨਦੇ ਹਨ, ਪਰੰਤੂ ਫੇਰ ਭੀ ਅਪਨੇ ਆਪ ਨੂੰ ਉਸ ਕੌਮ ਦਾ ਹਿੱਸਾ ਯਾ ਉਨ੍ਹਾਂ ਨਬੀਆਂ ਦੀ ਉੱਮਤ ਨਹੀਂ ਮੰਨਦੇ, ਜਿਸ ਤੇ ਇਹ ਕੌਮਾਂ ਸੁਤੰਤਰ ਹੋ ਕੇ ਸੰਸਾਰ ਪਰ ਬ੍ਰਾਜਮਾਨ ਹਨ।

ਇਸੀ ਪ੍ਰਕਾਰ ਸਾਡੀ ਖਾਲਸਾ ਕੌਮ ਜੋ ਦਸਮੇਂ ਪਾਤਸ਼ਾਹ ਨੇ ਸਭ ਥੋਂ ਵੱਖਰੀ ਕੌਮ ਸੰਸਾਰ ਪਰ ਪ੍ਰਗਟ ਕੀਤੀ ਹੈ ....ਪਰੰਤੂ ਇਸ ਕੌਮ ਦੇ ਸੱਚੇ ਪਜਾਰਿਆਂ ਨੂੰ ਚਾਹੀਦਾ ਹੈ ਜੋ ਇਸ ਨੂੰ ਕਿਸੇ ਕੌਮ ਦਾ ਹਿੱਸਾ ਯਾ ਸ਼ਾਖ ਨਾ ਖਯਾਲ ਕਰਨ ਜੋ ਲੋਗ ਦੂਸਰੀ ਕੌਮ ਦਾ ਹਿੱਸਾ ਯਾਂ ਸ਼ਾਖ ਸਮਝ ਕੇ ਇਸ ਦੀ ਉਨਤੀ ਉਸ ਦੇ ਨਾਲ ਮਿਲ ਕੇ ਆਖਦੇ ਹਨ ਸੋ ਦੁਨੀਆਂ ਦੀ ਤਾਰੀਖਾਂ ਤੇ ਬੇਖ਼ਬਰ ਅਤੇ ਦਸਮ ਗੁਰੂ ਦੇ ਸਿਧਾਂਤ ਤੇ ਨਾਵਾਕਫ ਹਨ। ਇਸ ਵਾਸਤੇ ਹੁਣ ਜਾਗੋ, ਦੇਖੋ ਜੋ ਤੁਸੀਂ ਕੌਨ ਹੋ ਅਤੇ ਦਸਮ ਪਾਤਸ਼ਾਹ ਨੇ ਤੁਹਾਨੂੰ ਕਯਾ ਬਨਾਇਆ ਹੈ ਅਤੇ ਗੁਰਬਿਲਾਸ ਵਿਚ ਤੁਹਾਨੂੰ ਗਧੇ ਪਰ ਸ਼ੇਰ ਦੀ ਬੁਰਕੇ ਦਾ ਦ੍ਰਿਸ਼ਟਾਂਤ ਦੇ ਕੇ ਸਮਝਾਇਆ ਹੈ। ਆਸ਼ਾ ਹੈ ਜੋ ਸਾਡੇ ਪਯਾਰੇ ਸਿੱਖ ਭਾਈ ਇਸ ਮਜ਼ਮੂਨ ਨੂੰ ਜ਼ਰੂਰ ਦਿਲ ਲਾ ਕੇ ਪੜ੍ਹਨਗੇ ਅਤੇ ਫੇਰ ਵਿਚਾਰਨਗੇ। ਜਿਸ ਪਰ ਅਮਲ ਕਰਕੇ ਸੱਚੇ ਪਾਤਸ਼ਾਹ ਦੇ ਇਸ ਪਵਿੱਤਰ ਖਾਲਸਾ ਪੰਥ ਦਾ ਪੰਥ ਸਭ ਥੋਂ ਨਿਰਾਲਾ ਕਰਨ ਲਈ ਯਤਨ ਕਰਨਗੇ। (੨੫ ਅਕਤੂਬਰ ੧੮੯੫)

# ਜਦੋਂ ਬਾਦਸ਼ਾਹ ਨੇ ਸਿੱਖਾਂ ਦੀ ਨਕਲ ਦੇਖੀ

ਡਾ. ਅਮਰਜੀਤ ਕੌਰ

ਲਾਹੌਰ ਦੇ ਗਵਰਨਰ ਜ਼ਕਰੀਆ ਖਾਨ ਨੇ ਸਿੱਖਾਂ ਨੂੰ ਖਤਮ ਕਰਨ ਲਈ ਪੂਰਾ ਜ਼ੋਰ ਲਗਾ ਦਿੱਤਾ। ਸਿੰਘ ਘਰੋਂ-ਬੇਘਰ ਹੋਏ ਗੁਫਾਵਾਂ, ਪਹਾੜਾਂ ਅਤੇ ਬੀਕਾਨੇਰ ਦੇ ਜੰਗਲਾਂ ਵਿਚ ਵਿਚਰ ਰਹੇ ਸਨ। ਔਖੀਆਂ ਘੜੀਆਂ ਵਿਚ ਸਿੰਘਾਂ ਨੇ ਆਪਣੀ ਸ਼ਬਦਾਵਲੀ ਘੜ ਲਈ ਸੀ। ਆਪਣੇ ਨਾਮ ਵੀ ਸਮੇਂ ਅਨੁਕੂਲ ਰੱਖ ਲਏ ਸਨ। ਇਨ੍ਹਾਂ ਨੇ ਜ਼ਕਰੀਆ ਖਾਨ ਦਾ ਜਿਉਂਣਾ ਹਰਾਮ ਕਰ ਦਿੱਤਾ ਸੀ। ਸਿੰਘ ਗਾਹੇ-ਬਗਾਹੇ ਜੰਗਲਾਂ ਵਿੱਚੋਂ ਨਿਕਲਦੇ ਅਤੇ ਰਾਸ਼ਨ, ਕੱਪੜਾ ਹਥਿਆਰ, ਘੋੜੇ ਜੋ ਹੱਥ ਆਉਂਦਾ, ਲੈ ਕੇ ਹਰਨ ਹੋ ਜਾਂਦੇ ਸਨ। ਜੇਕਰ ਮੁਗਲਾਂ ਨਾਲ ਟੱਕਰ ਹੋ ਜਾਂਦੀ ਤਾਂ ਉਹ ਇੰਨੀ ਕੱਟ-ਵੱਢ ਕਰਦੇ ਕਿ ਮੁਗ਼ਲ ਫੌਜਾਂ ਲਾਹੌਰ ਜਾ ਕੇ ਸਾਹ ਲੈਂਦੀਆਂ। ਇਸ ਦੇ ਨਾਲ ਹੀ ਅਹਿਮਦ ਸ਼ਾਹ ਅਬਦਾਲੀ ਦੇ ਹਮਲਿਆਂ ਨੇ ਜ਼ਕਰੀਆ ਖਾਨ ਨੂੰ ਅੰਤਾਂ ਦਾ ਪਰੇਸ਼ਾਨ ਕਰ ਦਿੱਤਾ ਸੀ।

ਗਿਆਨੀ ਗਿਆਨ ਸਿੰਘ 'ਤਵਾਰੀਖ ਗੁਰੂ ਖਾਲਸਾ' (ਭਾਗ ਦੂਜਾ) ਵਿਚ, ਉਨ੍ਹਾਂ ਸਮਿਆਂ ਵਿਚ ਵਾਪਰੀ ਸਿੱਖਾਂ ਪ੍ਰਤੀ ਇਕ ਬੜੀ ਰੌਚਕ ਘਟਨਾ ਦਾ ਬਿਆਨ ਕਰਦੇ ਹਨ ਕਿ:-

ਲਾਹੌਰ ਦੇ ਗਵਰਨਰ ਜ਼ਕਰੀਆ ਖਾਨ ਨੇ ਮੱਘਰ ਸੰਮਤ ੧੭੮੯ਬਿ: ਭਾਵ ਨਵੰਬਰ ੧੭੩੨ ਈ: ਨੂੰ ਦਿੱਲੀ ਦੇ ਬਾਦਸ਼ਾਹ ਮੁਹੰਮਦ ਸ਼ਾਹ ਨੂੰ ਚਿੱਠੀ ਭੇਜੀ। ਜਿਸ ਵਿਚ ਲਿਖਿਆ ਸੀ ਕਿ ਉਸ ਨੇ ਸਿੱਖਾਂ ਦਾ ਨਾਮੋ-ਨਿਸ਼ਾਨ ਖਤਮ ਕਰਨ ਵਾਸਤੇ ਕੋਈ ਕਸਰ ਨਹੀਂ ਛੱਡੀ ਪਰ ਇਹ ਇਹੋ ਜਿਹੀ ਕਰੜੀ ਕੌਮ ਹੈ ਜੋ ਕਦੇ ਹਾਰਦੇ ਨਹੀਂ। ਇਨ੍ਹਾਂ ਦੇ ਪੈਗੰਬਰ ਗੁਰੂ ਗੋਬਿੰਦ ਸਿੰਘ ਨੇ ਖੁਦਾ ਦੇ ਹੁਕਮ ਨਾਲ ਐਸੀ ਡਾਢੀ ਕਲਾ ਇਨ੍ਹਾਂ ਵਿਚ ਪਾਈ ਹੈ ਕਿ ਦੁੱਖ-ਭੁੱਖ ਨੂੰ ਕੁਝ ਸਮਝਦੇ ਹੀ ਨਹੀਂ। ਇਕ ਹਜ਼ਾਰ ਮਾਰੀਦਾ ਹੈ ਚਾਰ ਹਜ਼ਾਰ ਹੋਰ ਪੈਦਾ ਹੋ ਜਾਂਦੇ ਹਨ ਲੋਕ ਕਹਿੰਦੇ ਹਨ ਕਿ ਸਿੱਖਾਂ ਦਾ ਗੁਰੂ ਇਨ੍ਹਾਂ ਨੂੰ ਆਬਹਯਾਤ (ਅੰਮ੍ਰਿਤ) ਬਣਾਉਣ ਦੀ ਜੁਗਤੀ ਦੱਸ ਗਿਆ ਹੈ। ਉਸ ਕਰਕੇ ਇਹ ਮਰਦੇ ਨਹੀਂ ਹਨ। ਇਨ੍ਹਾਂ ਦਾ ਕੋਈ ਦੇਸ਼, ਪਿੰਡ, ਕਿਲ੍ਹਾ, ਕੋਟ, ਖਜ਼ਾਨਾ, ਨਹੀਂ ਹੈ। ਜੇਕਰ ਇਹੋ ਹਾਲ ਹੋਰ ਰਿਹਾ ਤਾਂ ਇਹ ਥੋੜੇ ਹੀ ਚਿਰ ਵਿਚ ਲਾਹੌਰ 'ਤੇ ਕਾਬਜ਼ ਹੋ ਕੇ ਦਿੱਲੀ ਪਹੁੰਚੇ ਸਮਝੋ। ਫਿਰ ਆਪ ਨੂੰ ਇਸ ਡੂੰਮਣੇ ਮਖੀਰ ਤੋਂ ਪਿੱਛਾ ਛੁਡਾਉਣਾ ਔਖਾ ਹੋ ਜਾਊਗਾ।

ਗੁਜ਼ਾਰਿਸ਼ ਹੈ ਕਿ ਇਨ੍ਹਾਂ ਨੂੰ ਜਾਗੀਰ ਦੇ ਕੇ ਟਿਕਾਇਆ ਜਾਏ ਤਾਂ ਕੁਝ ਅਮਨ ਹੋ ਸਕਦਾ ਹੈ, ਹੋਰ ਕੋਈ ਅਮਨ ਦੀ ਸੂਰਤ ਨਹੀਂ। ਇਨ੍ਹਾਂ ਨੂੰ ਸੁਲਹ-ਸਫਾਈ ਨਾਲ ਆਪਣੇ ਬਣਾਈ ਰੱਖੋ। ਕਿਉਂਕਿ ਦੂਜੇ ਪਾਸੇ ਨਾਦਰ ਦੀ ਚੜ੍ਹਾਈ ਦੀ ਅਵਾਈ ਵੀ ਲੱਗ ਰਹੀ ਹੈ। ਜੇ ਉਹ ਆਇਆ ਤਾਂ ਇਨ੍ਹਾਂ ਸਿੱਖਾਂ ਨੂੰ ਉਸਦੇ ਅੱਗੇ ਝੋਕ ਦੇਵਾਂਗੇ ਸੋ ਇਨ੍ਹਾਂ ਨੂੰ ਹੱਥ ਹੇਠ ਰੱਖਣਾ ਹੀ ਠੀਕ ਹੈ, ਅੱਗੇ ਜੋ ਬਾਦਸ਼ਾਹ ਸਲਾਮਤ ਦੀ ਮਰਜੀ, ਜੋ ਹੁਕਮ ਹੋਵੇ ਸੋ ਵਰਤਿਆ ਜਾਏਗਾ।

ਇਹ ਚਿੱਠੀ ਪੜ੍ਹ ਕੇ ਦਿੱਲੀ ਦੇ ਬਾਦਸ਼ਾਹ ਮੁਹੰਮਦ ਸ਼ਾਹ ਨੇ ਸੋਚਿਆ ਕਿ ਵੇਖੀਏ ਤਾਂ ਸਹੀ, ਇਹ ਲੋਕ ਚੀਜ਼ ਕੀ ਹਨ? ਉਸ ਨੇ ਜ਼ਕਰੀਆ ਖਾਨ ਨੂੰ ਕਿਹਾ ਕਿ ਭੰਡਾਂ ਨੂੰ ਹੁਕਮ ਕਰੋ ਕਿ ਸਿੱਖਾਂ ਦੀ ਨਕਲਾਂ ਲਾਹੁਣ ਦੀ ਤਿਆਰੀ ਤਿੰਨ ਮਹੀਨਿਆਂ ਵਿਚ ਕੀਤੀ ਜਾਏ। ਨਿਸਚਿਤ ਸਮੇਂ 'ਤੇ ਸ਼ਹਿਰੋਂ ਬਾਹਰ ਖੁੱਲੀ ਥਾਂ 'ਤੇ ਦਰਬਾਰ ਲਗਾਇਆ ਗਿਆ। ਬਾਦਸ਼ਾਹ, ਗਵਰਨਰ ਸਮੇਤ ਸਭ ਅਮੀਰ ਵਜ਼ੀਰ ਆਪੋ ਆਪਣੇ ਟਿਕਾਣਿਆਂ 'ਤੇ ਬੈਠ ਗਏ। ਸ਼ਹਿਰ ਦੀ ਖਲਕਤ ਵੀ ਤਮਾਸ਼ਾ ਵੇਖਣ ਲਈ ਭਾਰੀ ਗਿਣਤੀ ਵਿਚ ਇਕੱਠੀ ਹੋ ਗਈ।

ਖੁੱਲੇ ਮੈਦਾਨ ਵਿਚ ਜਦੋਂ ਭੰਡ ਸਿੱਖਾਂ ਦੇ ਰੂਪ ਵਿਚ ਪੁੱਜੇ ਤਾਂ ਉਨ੍ਹਾਂ ਨੇ ਨੀਲੇ, ਚਿੱਟੇ, ਪੀਲੇ ਦੁਮਾਲਿਆਂ ਵਿਚ

ਸਰਬ ਲੋਹ ਦੇ ਚੱਕਰ ਵਿਚ ਸਜਾਏ ਹੋਏ ਸਨ। ਗਲਾਂ ਵਿਚ ਫਟੇ ਚੋਲੇ, ਤੇੜ ਫਟੇ ਪੁਰਾਣੇ ਕਛਹਿਰੇ, ਨੰਗੇ ਪੈਰ, ਕਈ ਨੰਗੇ ਪਿੰਡੇ 'ਤੇ ਚਾਦਰ ਦੀ ਗਿਲਤੀ ਬੰਨ੍ਹੀ ਹੋਈ ਪੁੱਜੇ। ਹਰ ਇਕ ਕੋਲ ਇਕ-ਇਕ ਮਣ ਪੱਕੇ ਲੋਹੇ ਦੇ ਨਵੇਂ ਪੁਰਾਣੇ ਤੇਜ਼, ਖੁੰਢੇ ਹਥਿਆਰ, ਚੰਗੇ ਵੀ ਤੇ ਮਰੀਅਲ ਜਿਹੇ ਘੋੜੇ ਅਤੇ ਕਾਠੀਉਂ ਤੇ ਬਗੈਰ ਕਾਠੀਉਂ ਲਗਾਮਾਂ ਫੜੀ ਜਦੋਂ ਮੈਦਾਨ ਵਿਚ ਪੁੱਜੇ। ਅਕਾਲ-ਅਕਾਲ ਦੇ ਜੈਕਾਰਿਆਂ ਨਾਲ ਉਧੜ ਧੁੰਮੀ ਚੁੱਕੀ ਆਪੋ ਆਪਣਾ ਨਾਮ ਦੱਸਣ ਲੱਗੇ ਅੱਘੜ ਸਿੰਘ, ਬੱਘੜ ਸਿੰਘ, ਸ਼ੇਰ ਸਿੰਘ, ਦਿੱਲੀ ਤੋੜ ਸਿੰਘ, ਲਹੌਰਾ ਸਿੰਘ, ਪਸ਼ੋਰਾ ਸਿੰਘ, ਧਰਤੀ ਧਕੇਲ ਸਿੰਘ, ਗੱਡਪੁੱਟ ਸਿੰਘ, ਖਾਨ ਮਾਰ ਸਿੰਘ, ਢਾਡਾ ਸਿੰਘ, ਤੁਰਕ ਮਾਰ ਸਿੰਘ, ਕਾਜੀ ਮਾਰ ਸਿੰਘ, ਧਾੜ ਮਾਰ ਸਿੰਘ, ਗਰਜਾ ਸਿੰਘ ਆਦਿ ਨਾਮ ਨਾਲ ਅਵਾਜ਼ਾਂ ਦੇਣ ਲੱਗੇ। ਫਿਰ ਨਾਲ ਹੀ ਤੁਰਕਾਂ ਨੂੰ ਮਸ਼ਕਰੀਆਂ ਕਰਨ ਲੱਗੇ ਕਿ ਤੁਹਾਡੇ ਜਵਾਈ ਸਿੰਘ ਆਏ ਹਨ। ਵੰਨ-ਸੁਵੰਨੀਆਂ ਸਿੱਠਾਂ:

ਸੁਣ ਨੀ ਤੁਰਕਾਂ ਦੀਏ ਭੈਣੇ, ਤੇਰੇ ਗਹਿਣੇ ਸਿੰਘਾਂ ਲੈਣੇ।
ਸੁਣ ਨੀ ਸੱਯਦਾਨੀ ਮੁਲਤਾਨੀ, ਤੇਥੋਂ ਸਿੰਘਾਂ ਚੱਕੀ ਪਿਹਾਣੀ।
ਭਾਬੀ ਸੇਖਾਣੀ ਪਠਾਨੀ, ਤੁਮਨੇ ਘੋੜਨਿ ਲੀਦ ਉਠਾਨੀ।
ਤੁਮਸੋਂ ਸਿੰਘ ਅਨੰਦ ਪਢੋਂ ਹੈਂ, ਪਹਿਲੇ ਅੰਮ੍ਰਿਤ ਸਰ ਛਕੇ ਹੈਂ।
ਹਮ ਅਬ ਦਿੱਲੀ ਤਖਤ ਸੰਭਾਲੈਂ, ਤੁਮਕੋ ਖੁੱਲੀ ਮੌਜ ਦਿਖਾਲੈਂ।
ਹਿੰਦੂ ਅੰਨ੍ਹੇ ਤੁਰਕੁ ਕਾਣੇ, ਹਮ ਅਲੱਗ ਹੈਂ ਦੁਹੂ ਤੇ ਸਿਆਣੇ।

ਇਸ ਪ੍ਰਕਾਰ ਵੱਖ-ਵੱਖ ਦੀਆਂ ਮਸਕਰੀਆਂ ਸੁਣ ਕੇ ਲੋਕ ਹੱਸ ਰਹੇ ਸਨ। ਇਸ ਤਰਾਂ ਕਰਦਿਆਂ ਹੋਇਆਂ ਸਿੱਖ ਬਣੇ ਭੰਡਾਂ ਨੇ ਉਹ ਨਕਲ ਕੀਤੀ ਜਿਸ ਤਰ੍ਹਾਂ ਜੰਗਲਾਂ ਵਿਚ ਬਿਨਾਂ ਲੂਣ ਫੁੱਲ, ਫਲ,ਪੱਤੇ ਖਾ ਕੇ ਗੁਜ਼ਾਰਾ ਕਰਦੇ ਸਨ। ਭੁੱਜੇ ਛੋਲਿਆਂ ਨੂੰ ਬਦਾਮ ਕਹਿ ਕੇ ਚੱਬ ਲੈਂਦੇ ਸਨ। ਸਭ ਸਿੰਘਾਂ ਦੇ ਬੋਲਿਆਂ ਵਿਚ ਨਕਲਾਂ ਲਾਈਆਂ। ਇਸ ਤੋਂ ਬਾਅਦ ਮੁਗ਼ਲ ਫੌਜੀਆਂ ਦੀਆਂ ਨਕਲਾਂ ਜੋ ਕਿ ਵਧੀਆ ਘੋੜਿਆਂ ਤੇ ਚੰਗੀਆਂ ਡਰੈਸਾਂ ਵਿਚ ਬਾਜ਼ੂ ਬਖਤਰ, ਸੰਜੋਆਂ ਵਿਚ ਢੱਕੇ ਹੁੰਦੇ ਸਨ। ਚੰਗੀਆਂ ਸਿਹਤਾਂ ਵਿਚ ਚੰਗੇ ਪਦਾਰਥ ਖਾਂਦੇ ਵਿਖਾਏ ਕਿਉਂਕਿ ਇਨ੍ਹਾਂ ਨਾਲ ਅਕਸਰ ਹੀ ਸਿੰਘਾਂ ਦੇ ਪੇਚੇ ਪਏ ਰਹਿੰਦੇ ਸਨ। ਸਿੰਘਾਂ ਦੀ ਨਕਲ ਕਰਦੇ-ਕਰਦੇ ਭੰਡ ਪਲਾਂ ਵਿਚ ਆਪੇ ਤੋਂ ਬਾਹਰ ਹੋ ਗਏ ਕਿ ਬੇਤਹਾਸ਼ਾ ਕੱਟ-ਵੱਢ ਸ਼ੁਰੂ ਕਰ ਦਿੱਤੀ। ਘੋੜਿਆਂ, ਸੰਜੋਆਂ ਸਮੇਤ ਫੌਜੀ ਵੱਢ-ਵੱਢ ਸੁੱਟ ਦਿੱਤੇ। ਪਲਾਂ ਵਿਚ ਕੁਹਰਾਮ ਮੱਚ ਗਿਆ। ਬਾਦਸ਼ਾਹ, ਅਮੀਰਾਂ ਵਜ਼ੀਰਾਂ ਅਤੇ ਖਲਕਤ ਨੇ ਭੱਜ-ਭੱਜ ਕੇ ਜਾਨਾਂ ਬਚਾਈਆਂ। ਮੈਦਾਨ ਵਿਚ ਲੋਥਾਂ ਦੇ ਢੇਰ ਲੱਗ ਗਏ। ਜਿਉਂ-ਜਿਉਂ ਨਕਲਚੀ ਭੰਡਾਂ ਨੂੰ ਘਾਉ ਲੱਗਣ,ਤਿਉਂ ਹੀ ਇਹ ਹੋਰ ਆਪੇ ਤੋਂ ਬਾਹਰ ਹੋ ਭੱਜੇ ਜਾਂਦੇ ਲੋਕਾਂ ਨੂੰ ਢੇਰ ਕਰੀ ਜਾਣ। ਜਦੋਂ ਵੇਖਿਆ ਕਿ ਮੈਦਾਨ ਖਾਲੀ ਹੋ ਗਿਆ ਹੈ। ਜੋਰ ਦੀ ਨਾਅਰੇ ਲਾ ਕੇ ਐਲਾਨ ਕੀਤਾ ਕਿ ਗੁਰੂ ਨੇ ਖਾਲਸੇ ਨੂੰ ਜਿੱਤ ਦਿੱਤੀ ਹੈ ਅਤੇ ਅਕਾਲ-ਅਕਾਲ ਕਰਦੇ ਭੰਡ ਜੰਗਲ ਵਿਚ ਛਿਪਨ ਹੋ ਜਾਂਦੇ।

ਬਾਦਸ਼ਾਹ ਸਿੱਖਾਂ ਦੀ ਨਕਲ ਵੇਖ ਕੇ ਬਹੁਤ ਹੈਰਾਨ ਹੋਇਆ। ਵਾਪਸ ਦਿੱਲੀ ਪਰਤਣ ਤੋਂ ਪਹਿਲਾਂ ਜ਼ਕਰੀਆ ਖਾਨ ਨੂੰ ਹੁਕਮ ਕੀਤਾ ਕਿ ਉਹ ਸਿੱਖਾਂ ਨੂੰ ਇਕ ਲੱਖ ਦੀ ਜਗੀਰ*, ਕੀਮਤੀ ਖਿਲਅਤ ਅਤੇ ਨਵਾਬੀ ਦਾ ਖ਼ਿਤਾਬ ਪੇਸ਼ ਕਰੇ। ਖਾਨ ਨੇ ਉਕਤ ਚੀਜਾਂ ਭਾਈ ਸੁਬੇਗ ਸਿੰਘ ਰਾਹੀਂ ਖਾਲਸੇ ਕੋਲ ਪੁੱਜਦੀਆਂ ਕੀਤੀਆਂ ਸਨ। ਸਰਬੱਤ ਖਾਲਸੇ ਨੇ ਗੁਰਮਤਾ ਕਰ ਕੇ ਗੁਰੂ ਸੰਗਤ ਦੀ ਸੇਵਾ ਕਰ ਰਹੇ ਭਾਈ ਕਪੂਰ ਸਿੰਘ ਸਿੰਘਪੁਰੀਆ/ਫੈਜਲਪੁਰੀਆ** ਨੂੰ ਸਭ ਚੀਜਾਂ

---

* ਸ੍ਰੀ ਅੰਮ੍ਰਿਤਸਰ ਤੋਂ ਭਿਖੀਵਿੰਡ ਵਾਲੀ ਸੜਕ 'ਤੇ ਭਿਖੀਵਿੰਡ ਤੋਂ ੨ ਕਿਲੋਮੀਟਰ ਪਹਿਲਾਂ ਪਿੰਡ ਸਿੰਘਪੁਰਾ ਹੈ। ਇਸ ਦਾ ਪਹਿਲਾ ਨਾਮ ਫੈਜ਼ਲਪੁਰ ਸੀ ਫਿਰ ਨਵਾਬ ਕਪੂਰ ਸਿੰਘ ਤੋਂ ਬਾਅਦ ਇਸ ਪਿੰਡ ਦਾ ਨਾਮ ਸਿੰਘਪੁਰਾ ਹੋ ਗਿਆ। ਇੱਥੇ ਨਵਾਬ ਕਪੂਰ ਸਿੰਘ ਦੀ ਯਾਦ ਵਿਚ ਸੁੰਦਰ ਗੁਰਦੁਆਰਾ ਸਾਹਿਬ ਸੁਭਾਇਮਾਨ ਹੈ।

** ਇਹ ਜਾਗੀਰ ਝਬਾਲ, ਕੰਗਣਵਾਲ ਅਤੇ ਦੀਪਾਲਪੁਰ ਦੇ ਇਲਾਕੇ ਦੀ ਸੀ। ਕੰਗਣਵਾਲ ਅਤੇ ਦੀਪਾਲਪੁਰ ਪਾਕਿਸਤਾਨ ਵਿਚ ਹਨ।

ਦੇ ਦਿੱਤੀਆਂ ਗਈਆਂ। ਸਰਦਾਰ ਕਪੂਰ ਸਿੰਘ ਦੇ ਨਾਮ ਨਾਲ 'ਨਵਾਬ' ਸ਼ਬਦ ਜੁੜ ਗਿਆ। ਪਰ ਇਹ ਨਵਾਬੀ ਅਤੇ ਜਾਗੀਰ ਇਕ ਸਾਲ ਦੇ ਵਿਚ ਹੀ ਜ਼ਕਰੀਆ ਖਾਨ ਨੇ ਜਬਤ ਕਰ ਲਈ ਸੀ। ਸਿੱਖਾਂ 'ਤੇ ਮੁੜ ਉਹੀ ਜਬਰ-ਜ਼ੁਲਮ ਦਾ ਚੱਕਰ ਸ਼ੁਰੂ ਹੋ ਗਿਆ ਸੀ।

ਇਸ ਘਟਨਾ ਤੋਂ ਜਿੱਥੇ ਅਠਾਰਵੀਂ ਸਦੀ ਦੇ ਸਿੰਘਾਂ ਦੀ ਤਸਵੀਰ ਦਿੱਸਦੀ ਹੈ ਉੱਥੇ ਅੰਮ੍ਰਿਤ ਦੀ ਸ਼ਕਤੀ ਦਾ ਵੀ ਪਤਾ ਲੱਗਦਾ ਹੈ ਕਿ ਭਾਵੇਂ ਭੰਡਾਂ ਨੇ ਅੰਮ੍ਰਿਤ ਬਣਾ ਕੇ ਛਕਣ ਦੀ ਨਕਲ ਕੀਤੀ ਪਰ ਦਸਮੇਸ਼ ਪਿਤਾ ਨੇ ਹਾਜਰ-ਨਾਜਰ ਹੋ ਕੇ ਜ਼ਾਹਰੀ ਕਲਾ ਵਰਤਾ ਕੇ ਜ਼ਾਲਮ ਮੁਗ਼ਲਾਂ ਨੂੰ ਦੱਸ ਦਿੱਤਾ ਕਿ ਮੇਰੇ ਖਾਲਸੇ ਨੂੰ ਚਿੜੀਆਂ ਨਾ ਸਮਝਿਆ ਜਾਏ। ਇਹ ਅੰਮ੍ਰਿਤ ਦਾ ਘੁੱਟ ਛੱਕ ਕੇ ਬਾਜ ਤੋੜ ਸੁੱਟਣ ਦੇ ਸਮਰੱਥ ਹੈ।

**੫ ਅਗਸਤ ਨੂੰ ਬਰਸੀ 'ਤੇ ਵਿਸ਼ੇਸ਼:**

# ਭਗਤ ਪੂਰਨ ਸਿੰਘ

–ਪ੍ਰੋ. ਨਵ ਸੰਗੀਤ ਸਿੰਘ



'ਪਿੰਗਲਵਾੜਾ' ਸੰਸਥਾ ਦੇ ਬਾਨੀ ਭਗਤ ਪੂਰਨ ਸਿੰਘ ਦਾ ਜਨਮ ਜ਼ਿਲ੍ਹਾ ਲੁਧਿਆਣਾ ਦੀ ਤਹਿਸੀਲ ਖੰਨਾ ਦੇ ਪਿੰਡ ਰਾਜੇਵਾਲ ਰੋਹਣੋ ਵਿਖੇ ੪ ਜੂਨ ੧੯੦੪ ਈ: ਨੂੰ ਮਾਤਾ ਮਹਿਤਾਬ ਕੌਰ ਦੀ ਕੁੱਖੋਂ ਹੋਇਆ। ਉਨ੍ਹਾਂ ਦੇ ਪਿਤਾ ਲਾਲਾ ਸ਼ਿਬੂ ਮਲ ਪਿੰਡ ਦੇ ਸ਼ਾਹੂਕਾਰ ਸਨ। ਭਗਤ ਜੀ ਦਾ ਮੁੱਢਲਾ ਨਾਂ ਰਾਮਜੀ ਦਾਸ ਸੀ। ਭਗਤ ਜੀ ਦੀ ਮਾਤਾ ਧਾਰਮਿਕ ਵਿਚਾਰਾਂ ਵਾਲੀ ਇਸਤਰੀ ਸੀ, ਜਿਸ ਦੇ ਘਰ ਜੋ ਮੰਗਣ ਲਈ ਆਉਂਦਾ, ਸਭ ਨੂੰ ਰਾਮਜੀ ਦਾਸ ਦੇ ਹੱਥੋਂ ਆਟਾ, ਦਾਣੇ ਆਦਿ ਦਾਨ ਕਰਵਾਉਂਦੀ, ਜਿਸ ਕਰਕੇ ਭਗਤ ਜੀ ਵਿਚ ਅਜਿਹੇ ਦੈਵੀ ਗੁਣ ਸਹਿਜ ਸੁਭਾਅ ਹੀ ਪ੍ਰਵੇਸ਼ ਕਰ ਗਏ।

੧੯੦੪ ਈ: ਤੋਂ ੧੯੧੩ ਈ: ਤਕ ਇਲਾਕੇ ਵਿਚ ਪਲੇਗ ਦੀ ਬਿਮਾਰੀ ਫੈਲੀ ਰਹੀ। ਇਸ ਸਮੇਂ ਲਾਲਾ ਸ਼ਿਬੂ ਮਲ ਨੇ ਲੱਗਭਗ ੫੦,੦੦੦ ਰੁਪਏ ਦਾ ਕਰਜਾ ਲੋਕਾਂ ਨੂੰ ਦੇ ਦਿੱਤਾ। ਉਨ੍ਹਾਂ ਕੋਲ ਬਾਕੀ ਬਚੇ ੨-੪ ਹਜ਼ਾਰ ਰੁਪਈਆਂ ਦੀ ਉਨ੍ਹਾਂ ਨੇ ਮੱਕੀ ਤੇ ਤੂੜੀ ਲਿਆਂਦੀ ਅਤੇ ਖੰਨਾ ਰੇਲਵੇ ਸਟੇਸ਼ਨ ਦੇ ਮਾਲ ਗੋਦਾਮ 'ਤੇ ਲੋਕਾਂ ਨੂੰ ਤੋਲ-ਤੋਲ ਕੇ ਦਿੱਤੀ ਅਤੇ ਕਿਹਾ ਜਦੋਂ ਤੁਹਾਡੇ ਕੋਲ ਪੈਸੇ ਹੋਣਗੇ ਦੇ ਦੇਣਾ ਨਹੀਂ ਤਾਂ ਨਾ ਸਹੀ...। ਇਉਂ ਉਨ੍ਹਾਂ ਨੂੰ ਲੋਕਾਂ ਤੋਂ ਪੈਸੇ ਵਾਪਸ ਨਾ ਮੁੜੇ ਅਤੇ ਸ਼ਾਹੂਕਾਰਾ ਖਤਮ ਹੋ ਗਿਆ ਅਤੇ ਘਰ ਵਿਚ ਗਰੀਬੀ ਆ ਗਈ।

ਅਜਿਹੇ ਹਾਲਾਤ ਵਿਚ ਵੀ ਮਾਂ ਨੇ ਰਾਮਜੀ ਦਾਸ ਨੂੰ ਪੜਨੋਂ ਨਾ ਹਟਾਇਆ ਅਤੇ ਖੰਨਾ ਦੇ ਐਂਗਲੋ ਸੰਸਕ੍ਰਿਤ ਹਾਈ ਸਕੂਲ ਤੋਂ ਦਸਵੀਂ ਪਾਸ ਕਰਵਾਈ। ਹੋਸਟਲ ਦਾ ਖਰਚਾ ਉਸ ਦੀ ਮਾਂ ਨੇ ਦਸ ਰੁਪਏ ਮਹੀਨਾ ਮਿੰਟਗੁਮਰੀ ਵਿਖੇ ਇਕ ਡਾਕਟਰ ਦੇ ਘਰ ਭਾਂਡੇ ਮਾਂਜਣ ਦੀ ਨੌਕਰੀ ਕਰ ਕੇ ਦਿੱਤਾ।

ਇਕ ਰਾਤ ਉਨ੍ਹਾਂ ਨੇ ਗੁਰਦੁਆਰਾ ਰੇਰੂ ਸਾਹਿਬ ਵਿਖੇ ਬਿਤਾਈ ਅਤੇ ਉਸ ਤੋਂ ਅਗਲੀ ਰਾਤ ਲੁਧਿਆਣਾ ਦੇ ਸ਼ਿਵਜੀ ਮੰਦਰ ਵਿਚ ਗੁਜ਼ਾਰੇ। ਇਹ ਸਮਾਂ ਹੀ ਰਾਮਜੀ ਦਾਸ ਜੀ ਦੇ ਜੀਵਨ ਵਿਚ ਤਬਦੀਲੀ ਦਾ ਮੁੱਖ ਕਾਰਨ ਬਣਿਆ। ਬਹੁਤ ਸੋਚ ਵਿਚਾਰ ਕਰ ਕੇ ਰਾਮਜੀ ਦਾਸ ਨੇ ਸਿੱਖ ਬਣਨ ਦਾ ਫੈਸਲਾ ਕਰ ਲਿਆ।

ਗੁਰਦੁਆਰਾ ਡੇਹਰਾ ਸਾਹਿਬ, ਲਾਹੌਰ ਵਿਖੇ ਭਗਤ ਜੀ ੧੯੨੪ ਈ: ਤੋਂ ੧੯੪੭ ਈ: ਤਕ ਰਹੇ ਅਤੇ ਇੱਥੇ ਹੀ ਉਨ੍ਹਾਂ ਦਾ ਨਾਂ ਪੂਰਨ ਸਿੰਘ ਰੱਖਿਆ ਗਿਆ।

ਇੱਥੇ ਉਹ ਟੂਟੀਆਂ ਠੀਕ ਕਰਦੇ, ਪਸ਼ੂਆਂ ਨੂੰ ਚਾਰਾ ਪਾਉਂਦੇ, ਲੰਗਰ ਦੇ ਜੂਠੇ ਭਾਂਡੇ ਮਾਂਜਦੇ, ਤੱਪੜ ਵਿਛਾਉਂਦੇ, ਯਾਤਰੂਆਂ ਦੀ ਦੇਖਭਾਲ ਕਰਦੇ, ਬੇਆਸਰੇ ਰੋਗੀਆਂ ਅਤੇ ਅਪਾਹਜਾਂ ਦੀ ਸੇਵਾ-ਸੰਭਾਲ ਕਰਦੇ, ਉਨ੍ਹਾਂ ਨੂੰ ਹਸਪਤਾਲ ਲੈ ਕੇ ਜਾਂਦੇ, ਜੋੜਿਆਂ ਦੀ ਸੇਵਾ ਕਰਦੇ ਅਤੇ ਕੀਰਤਨ ਵੀ ਸੁਣਦੇ ਜਦੋਂ ਇਨ੍ਹਾਂ ਕੰਮਾਂ ਤੋਂ ਵਿਹਲ ਮਿਲਦੀ ਤਾਂ ਲਾਇਬ੍ਰੇਰੀ ਵਿਚ ਜਾ ਕੇ ਕਿਤਾਬਾਂ, ਰਸਾਲੇ, ਅਖ਼ਬਾਰਾਂ ਪੜਦੇ। ਅਮੀਰ ਲੋਕਾਂ ਤੋਂ ਪੈਸੇ ਮੰਗ ਕੇ ਗਰੀਬ ਅਤੇ ਲੋੜਵੰਦ ਵਿਦਿਆਰਥੀਆਂ ਦੀ ਮਦਦ ਵੀ ਕਰਦੇ।

੨੩ ਜੂਨ ੧੯੩੦ ਨੂੰ ਉਨ੍ਹਾਂ ਦੀ ਮਾਂ ਢਾਈ ਸਾਲ ਬੀਮਾਰ ਰਹਿਣ ਪਿੱਛੋਂ ਪ੍ਰਲੋਕ ਸਿਧਾਰ ਗਈ। ਮਾਂ ਦੀ ਮੌਤ

ਪਿੱਛੋਂ ਉਹ ਇਕੱਲੇ ਜਿਹੇ ਮਹਿਸੂਸ ਕਰਨ ਲੱਗੇ। ਮਾਂ ਨਾਲ ਕੀਤੇ ਵਾਅਦਿਆਂ ਅਨੁਸਾਰ ਆਪ ਜੀ ਨੇ ਆਪਣਾ ਸਾਰਾ ਜੀਵਨ ਦੁਖੀ ਅਤੇ ਬੇਸਹਾਰਾ ਮਨੁੱਖਤਾ ਦੀ ਸੇਵਾ ਕਰਨ ਬਾਰੇ ਗੰਭੀਰਤਾ ਨਾਲ ਸੋਚਣ, ਪੜ੍ਹਨ ਵਿਚ ਲਗਾ ਦਿੱਤਾ।

ਸੰਨ ੧੯੩੪ ਵਿਚ ਚਾਰ ਕੁ ਸਾਲ ਦੇ ਅਪੰਗ (ਲੂਲ੍ਹੇ) ਪਿਆਰਾ ਸਿੰਘ ਨੂੰ ਗੁਰਦੁਆਰਾ ਡੇਹਰਾ ਸਾਹਿਬ ਤੋਂ ਭਗਤ ਜੀ ਨੇ ਅਜਿਹਾ ਆਸਰਾ ਦਿੱਤਾ ਕਿ ਉਹ ਜੀਵਨ ਭਰ ਅਜਿਹੇ ਬੇਸਹਾਰਾ ਰੋਗੀਆਂ ਦੀ ਸੇਵਾ-ਸੰਭਾਲ ਵਿਚ ਕਾਰਜਸ਼ੀਲ ਹੋ ਗਏ। ੧੯੪੭ ਈ: ਦੀ ਦੇਸ਼ ਵੰਡ ਸਮੇਂ ਖਾਲਸਾ ਕਾਲਜ ਸ੍ਰੀ ਅੰਮ੍ਰਿਤਸਰ, ਚੀਫ਼ ਖਾਲਸਾ ਦੀਵਾਨ, ਰੇਲਵੇ ਸਟੇਸ਼ਨ, ਰਾਮਬਾਗ ਆਦਿ ਥਾਵਾਂ 'ਤੇ ਭਗਤ ਜੀ ਦੇ ਤੁਰਦੇ ਫਿਰਦਿਆਂ ਕਰੀਬ ਡੇਢ ਸਾਲ ਮਰੀਜਾਂ, ਅਪਾਹਜਾਂ ਦੀ ਸੇਵਾ-ਸੰਭਾਲ ਕੀਤੀ। ਵਧੇਰੇ ਮਰੀਜ ਹੋ ਜਾਣ 'ਤੇ ਪਹਿਲਾਂ ਉਨ੍ਹਾਂ ਨੇ ਸਿਵਲ ਸਰਜਨ ਦੇ ਦਫਤਰ ਨੇੜੇ ਨਿਕਾਸੀ ਕੋਠੀ, ਫਿਰ ਇੰਦਰ ਪੈਲੇਸ ਦੀ ਅੱਧਬਣੀ ਇਮਾਰਤ ਵਿਚ ਅਤੇ ਫਿਰ ਰਾਮ ਤਲਾਈ ਵਾਲੀ ਸਰਾਂ ਵਿਚ ਟਿਕਾਣਾ ਕੀਤਾ।

੨੭ ਨਵੰਬਰ ੧੯੫੮ ਨੂੰ ਉਨ੍ਹਾਂ ਨੇ ੧੬੯੬੪/ ਰੁਪਏ ਵਿਚ ਮੌਜੂਦਾ ਪਿੰਗਲਵਾੜੇ ਵਾਲੀ ਥਾਂ ਖਰੀਦੀ। ਭਗਤ ਜੀ ਨੇ 'ਪੂਰਨ ਪ੍ਰਿੰਟਿੰਗ ਪ੍ਰੈੱਸ' ਦੀ ਸਥਾਪਨਾ ਕੀਤੀ। ਇਸ ਪ੍ਰੈੱਸ ਰਾਹੀਂ ਆਪ ਜੀ ਨੇ ਵਧ ਰਹੀ ਅਬਾਦੀ, ਪ੍ਰਦੂਸ਼ਣ, ਕੁਦਰਤੀ ਸਾਧਨਾਂ ਦੀ ਬਰਬਾਦੀ, ਭੌਂ ਖੋਰ, ਜੰਗਲਾਂ ਦੀ ਅੰਨ੍ਹੇਵਾਹ ਕਟਾਈ, ਨਸ਼ਿਆਂ ਤੋਂ ਹੋਣ ਵਾਲੀਆਂ ਹਾਨੀਆਂ, ਸਾਦੇ ਜੀਵਨ ਦੀ ਮਹੱਤਤਾ ਅਤੇ ਅਨੇਕਾਂ ਇਹੋ ਜਿਹੇ ਸਮਾਜਿਕ ਚੇਤਨਤਾ ਵਾਲੇ ਵਿਸ਼ਿਆਂ 'ਤੇ ਟੈਕਟ ਪ੍ਰਕਾਸ਼ਿਤ ਕਰ ਕੇ ਲੋਕਾਂ ਵਿਚ ਮੁਫਤ ਵੰਡੇ। ਭਗਤ ਜੀ ਨੇ ਉਨ੍ਹਾਂ ਵਿਦਵਾਨਾਂ ਅਤੇ ਮਹਾਂਪੁਰਸ਼ਾਂ ਦੀਆਂ ਜੀਵਨੀਆਂ ਛਾਪ ਕੇ ਮੁਫਤ ਵੰਡੀਆਂ ਜਿਨ੍ਹਾਂ ਦੀ ਸਮਾਜ ਨੂੰ ਕੋਈ ਦੇਣ ਹੈ।

ਭਗਤ ਜੀ ਦੀ ਸਮਾਜ ਨੂੰ ਬਹੁਮੁਖੀ ਅਤੇ ਬਹੁਪੱਖੀ ਦੇਣ ਬਦਲੇ ਬਹੁਤ ਸਾਰੀਆਂ ਸੰਸਥਾਵਾਂ ਵੱਲੋਂ ਆਪ ਜੀ ਨੂੰ ਸਨਮਾਨਿਤ ਕੀਤਾ ਗਿਆ, ਜਿਨ੍ਹਾਂ ਵਿਚ ਪਦਮ ਸ੍ਰੀ ਐਵਾਰਡ (੧੯੭੯), ਹਾਰਮਨੀ ਐਵਾਰਡ (੧੯੯੦), ਲੋਕ ਰਤਨ ਐਵਾਰਡ (੧੯੯੧) ਭਾਈ ਘਨੱਈਆ ਜੀ ਐਵਾਰਡ (੧੯੯੧) ਅਤੇ ਸਰਬੱਤ ਦਾ ਭਲਾ ਐਵਾਰਡ (ਮਰਨ ਪਿੱਛੋਂ) ਆਦਿ ਪ੍ਰਮੁੱਖ ਹਨ। ਇਨ੍ਹਾਂ ਮਾਣ-ਸਨਮਾਨਾਂ ਤੋਂ ਇਲਾਵਾ ਕਈ ਹੋਰ ਧਾਰਮਿਕ ਤੇ ਸਮਾਜਿਕ ਸੰਸਥਾਵਾਂ ਨੇ ਵੀ ਉਨ੍ਹਾਂ ਨੂੰ ਮਨੁੱਖਤਾ ਪ੍ਰਤੀ ਕੀਤੀਆਂ ਸੇਵਾਵਾਂ ਬਦਲੇ ਅਨੇਕਾਂ ਪ੍ਰਸੰਸਾ ਪੱਤਰ ਤੇ ਮਾਣ-ਸਨਮਾਨ ਪ੍ਰਦਾਨ ਕੀਤੇ।

ਭਗਤ ਜੀ ਦਾ ਵਿਸ਼ਵਾਸ ਸੀ ਕਿ ਉਨ੍ਹਾਂ ਨੂੰ ਜੋ ਕੁਝ ਵੀ ਪ੍ਰਾਪਤ ਹੋਇਆ ਹੈ, ਉਹ ਗੁਰਦੁਆਰਿਆਂ ਵਿੱਚੋਂ ਹੀ ਹੋਇਆ ਹੈ। ਉਹ ਗੁਰੂ ਜੀ ਦੀ ਮਿਹਰ ਨਾਲੋਂ ਕਿਸੇ ਵੀ ਐਵਾਰਡ ਜਾਂ ਉਪਾਧੀ ਨੂੰ ਵੱਡਾ ਨਹੀ ਸਨ ਮੰਨਦੇ। ਇਸੇ ਲਈ ਸਿੱਖ-ਨਸਲਕੁਸ਼ੀ ੧੯੮੪ ਈ: ਪਿੱਛੋਂ ਉਨ੍ਹਾਂ ਨੇ ਭਾਰਤ ਸਰਕਾਰ ਵੱਲੋਂ ਮਿਲੀ 'ਪਦਮ ਸ੍ਰੀ' ਦੀ ਉਪਾਧੀ ਵਾਪਸ ਕਰ ਦਿੱਤੀ ਸੀ।

ਮੌਜੂਦਾ ਸਮੇਂ ਪਿੰਗਲਵਾੜੇ ਦਾ ਕਾਰਜਭਾਰ ਭਗਤ ਜੀ ਦੀ ਉਤਰਾਧਿਕਾਰੀ ਡਾ. ਇੰਦਰਜੀਤ ਕੌਰ ਕੋਲ ਹੈ। ਇਨ੍ਹਾਂ ਵੱਲੋਂ ਪੰਜਾਬੀ, ਹਿੰਦੀ ਅਤੇ ਅੰਗਰੇਜ਼ੀ ਵਿਚ ਸਮਾਜਿਕ ਚੇਤਨਤਾ ਬਾਰੇ ਬਹੁਤ ਸਾਰੀਆਂ ਕਿਤਾਬਾਂ ਅਤੇ ਕਿਤਾਬਚੇ ਛਾਪੇ ਜਾ ਰਹੇ ਹਨ, ਜਿਨ੍ਹਾਂ ਵਿਚ ਪੰਜਾਬੀ ਦੀਆਂ ੬੪ ਕਿਤਾਬਾਂ ਅਤੇ ੧੨ ਕਿਤਾਬਚੇ, ਅੰਗਰੇਜ਼ੀ ਦੀਆਂ ੭ ਕਿਤਾਬਾਂ ਅਤੇ ੪੮ ਕਿਤਾਬਚੇ, ਹਿੰਦੀ ਦੀਆਂ ੧੮ ਕਿਤਾਬਾਂ ਸ਼ਾਮਲ ਹਨ। ਵਾਤਾਵਰਨ ਨਾਲ ਸੰਬੰਧਿਤ ਪ੍ਰੋਗਰਾਮਾਂ ਵਿਚ ਨਰਸਰੀ, ਪਾਣੀ ਸਾਫ ਕਰਨ ਵਾਲਾ ਪਲਾਂਟ, ਰੁੱਖ ਲਗਾਉਣੇ, ਕੁਦਰਤੀ ਖੇਤੀ, ਜਾਗਰੂਕਤਾ ਮੁਹਿੰਮਾਂ ਅਤੇ ਅੰਮ੍ਰਿਤ ਫਲ ਵਾਟਿਕਾ ਆਦਿ ਸ਼ਾਮਲ ਹਨ।

੫ ਅਗਸਤ ੧੯੯੨ ਨੂੰ ਭਗਤ ਜੀ ਦੇ ਸਦੀਵੀ ਵਿਛੋੜੇ ਪਿੱਛੋਂ ਉਨ੍ਹਾਂ ਦੀ ਪਹਿਲੀ ਜਨਮ ਸ਼ਤਾਬਦੀ (੨੦੦੪) ਸਮੇਂ ਭਾਰਤ ਸਰਕਾਰ ਵੱਲੋਂ ਇਕ ਡਾਕ-ਟਿਕਟ ਜਾਰੀ ਕੀਤੀ ਗਈ ਹੈ।

# ਗੁਰੂ ਕੇ ਬਾਗ਼ ਦਾ ਮੋਰਚਾ

-ਸ. ਦਲਜੀਤ ਸਿੰਘ

ਦੁਨੀਆ ਵਿਚ ਬਹੁਤ ਸਾਰੀਆਂ ਅਜਿਹੀਆਂ ਕੌਮਾਂ ਹੋਈਆਂ ਹਨ ਜਿਨ੍ਹਾਂ ਦੇ ਸਿਰਾਂ 'ਤੇ ਬਿਪਤਾ ਰੂਪੀ ਬੱਦਲ ਅਕਸਰ ਮੰਡਰਾਉਂਦੇ ਰਹੇ ਹਨ। ਇਨ੍ਹਾਂ ਕੌਮਾਂ ਵਿਚ ਸਿੱਖ ਕੌਮ ਦਾ ਨਾਮ ਉਭਰਵੇਂ ਰੂਪ ਵਿਚ ਲਿਆ ਜਾ ਸਕਦਾ ਹੈ। ਸੰਕਟ ਦੀ ਜਿਹੜੀ ਬੱਦਲਵਾਈ ਸਿੱਖ ਕੌਮ ਦੇ ਉੱਪਰ ਛਾਈ ਰਹੀ ਉਸ ਦੀ ਮਿਸਾਲ ਦੁਨੀਆ ਦੇ ਇਤਿਹਾਸ ਵਿਚ ਬਹੁਤ ਹੀ ਘੱਟ ਮਿਲਦੀ ਹੈ। ਮੁਗ਼ਲ ਕਾਲ ਸਮੇਂ ਜਦੋਂ ਸਿੱਖਾਂ ਦੇ ਸਿਰਾਂ ਦੇ ਮੁੱਲ ਪਾਏ ਤਾਂ ਉਹ ਘਰ-ਘਾਟ ਛੱਡ ਕੇ ਜੰਗਲਾਂ ਵਿਚ ਚਲੇ ਗਏ ਸਨ। ਉਨ੍ਹਾਂ ਦਿਨ੍ਹਾਂ ਵਿਚ ਗੁਰੂ-ਘਰ ਦਾ ਪ੍ਰਬੰਧ ਅਜਿਹੇ ਮਹੰਤਾਂ ਪਾਸ ਆ ਗਿਆ ਸੀ ਜੋ ਗੁਰਮਤਿ ਵਿਰੋਧੀ ਰੀਤਾਂ ਦੇ ਸ਼ਿਕਾਰ ਹੋ ਕੇ ਮਨਮੱਤ ਦਾ ਪ੍ਰਚਾਰ ਕਰਨ ਲੱਗ ਪਏ ਸਨ। ਅੰਗਰੇਜ਼ ਰਾਜ ਸਮੇਂ ਅੰਗਰੇਜ਼ਾਂ ਨੇ ਸਿੱਖਾਂ ਵਿਚ ਫੁੱਟ ਪਾਉਣ ਲਈ ਪਾੜੋ ਅਤੇ ਰਾਜ ਕਰੋ (Divide and Rule) ਦੀ ਨੀਤੀ ਨੂੰ ਅਪਣਾਇਆ। ਇਨ੍ਹਾਂ ਹਾਲਾਤ ਨੂੰ ਦੇਖਦਿਆਂ ਹੋਇਆਂ ਕੁਝ ਸੂਝਵਾਨ ਸਿੱਖਾਂ ਨੇ ਦੇਸ਼ ਵਿਚ 'ਸਿੰਘ ਸਭਾ', 'ਖਾਲਸਾ ਦੀਵਾਨ', 'ਖਾਲਸਾ ਅਖ਼ਬਾਰ', 'ਖਾਲਸਾ ਸਮਾਚਾਰ', 'ਖਾਲਸਾ ਟ੍ਰੈਕਟ ਸੋਸਾਇਟੀਆਂ' ਰਾਹੀਂ ਖੋਜ-ਭਰਪੂਰ ਲੇਖ ਪ੍ਰਕਾਸ਼ਿਤ ਕਰ ਕੇ ਲੋਕਾਂ ਵਿਚ ਵੰਡੇ ਅਤੇ ਇਸ ਪ੍ਰਚਾਰ ਸਦਕਾ ਨਵੀਂ ਜਾਗ੍ਰਿਤੀ ਲਿਆਂਦੀ, ਜਿਸ ਦੇ ਫਲਸਰੂਪ ਸਿੱਖਾਂ ਨੇ ਆਪਣੇ ਗੁਰਦੁਆਰਾ ਸਾਹਿਬਾਨ ਨੂੰ ਮਹੰਤਾਂ ਤੋਂ ਅਜ਼ਾਦ ਕਰਵਾ ਕੇ ਪੰਥ ਦੀ ਚੁਣੀ ਹੋਈ ਨੁਮਾਇੰਦਾ ਜਥੇਬੰਦੀ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਸ੍ਰੀ ਅੰਮ੍ਰਿਤਸਰ ਬਣਾ ਕੇ ਉਸਾਰੂ ਕੰਮ ਕੀਤਾ। ਇਸੇ ਲੜੀ ਅਧੀਨ ਹੀ ਗੁਰਦੁਆਰਾ ਗੁਰੂ ਕਾ ਬਾਗ਼ ਨੂੰ ਮਹੰਤਾਂ ਪਾਸੋਂ ਅਜ਼ਾਦ ਕਰਾਉਣ ਲਈ ਸਿੰਘਾਂ ਨੂੰ ਮੋਰਚਾ ਲਾਉਣਾ ਪਿਆ।

ਸ੍ਰੀ ਅੰਮ੍ਰਿਤਸਰ ਤੋਂ ਅਜਨਾਲੇ ਨੂੰ ਜਾਂਦੀ ਸੜਕ ਉੱਪਰ ਸ੍ਰੀ ਅੰਮ੍ਰਿਤਸਰ ਤੋਂ ੧੩-੧੪ ਮੀਲ ਦੀ ਦੂਰੀ ਅਤੇ ਸੜਕ ਤੋਂ ਥੋੜਾ ਜਿਹਾ ਹਟ ਕੇ ਪਿੰਡ ਘੁੱਕੇਵਾਲੀ ਰੋਡ, ਜ਼ਿਲ੍ਹਾ ਸ੍ਰੀ ਅੰਮ੍ਰਿਤਸਰ ਦੀ ਜੂਹ ਵਿਚ ਗੁਰਦੁਆਰਾ ਸਾਹਿਬ ਗੁਰੂ ਕਾ ਬਾਗ਼ ਹੈ। ਇਸ ਅਸਥਾਨ 'ਤੇ ਪਹਿਲਾਂ ਪੰਜਵੇਂ ਪਾਤਸ਼ਾਹ ਸ੍ਰੀ ਗੁਰੂ ਅਰਜਨ ਦੇਵ ਜੀ ਅਤੇ ਫਿਰ ਨੌਵੇਂ ਪਾਤਸ਼ਾਹ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਨੇ ਚਰਨ ਪਾਏ ਸਨ। ਗੁਰਦੁਆਰਾ ਸਾਹਿਬ ਦੇ ਲਾਗੇ ਹੀ ਗੁਰਦੁਆਰਾ ਸਾਹਿਬ ਦੀ ਮਲਕੀਅਤ ਵਾਲੀ ਜ਼ਮੀਨ ਹੈ ਜੋ ਕਿਸੇ ਸਮੇਂ ਬਾਗ਼ ਸੀ, ਜਿਸ ਨੂੰ 'ਗੁਰੂ ਕਾ ਬਾਗ਼' ਕਿਹਾ ਜਾਂਦਾ ਹੈ।

ਗੁਰਦੁਆਰਾ ਸੁਧਾਰ ਲਹਿਰ ਚੱਲਣ ਸਮੇਂ ਮਹੰਤ ਸੁੰਦਰ ਦਾਸ ਉਦਾਸੀ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਦੇਖਦਾ ਸੀ। ਉਹ ਬੜੇ ਗਿਰੇ ਹੋਏ ਇਖ਼ਲਾਕ ਦਾ ਮਾਲਕ ਸੀ ਅਤੇ ਸੰਗਤ ਨੂੰ ਉਸ ਵਿਰੁੱਧ ਭਾਰੀ ਰੋਸ ਅਤੇ ਸ਼ਿਕਾਇਤਾਂ ਸਨ। ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਨੇ ਅੰਤ੍ਰਿੰਗ ਮੈਂਬਰ ਸ. ਦਾਨ ਸਿੰਘ ਵਿਛੋਆ ਦੀ ਡਿਊਟੀ ਲਗਾਈ ਕਿ ਉਹ ਮਹੰਤ ਸੁੰਦਰ ਦਾਸ ਨੂੰ ਆਪਣਾ ਆਚਰਨ ਅਤੇ ਗੁਰਦੁਆਰਾ ਸਾਹਿਬ ਦਾ ਪ੍ਰਬੰਧ ਠੀਕ ਕਰਨ ਸੰਬੰਧੀ ਗੱਲਬਾਤ ਕਰਨ। ੩੧ ਜਨਵਰੀ, ੧੯੨੧ ਈ. ਨੂੰ ਗੁਰੂ ਕੇ ਬਾਗ਼ ਵਿਖੇ ਸਜੇ ਭਾਰੀ ਦੀਵਾਨ ਵਿਚ ਮਹੰਤ ਨੇ ਗੁਰੂ ਸੰਗਤ ਵੱਲੋਂ ਪੇਸ਼ ਹੋਈਆਂ ਸਾਰੀਆਂ ਸ਼ਰਤਾਂ ਪ੍ਰਵਾਨ ਕਰ ਲਈਆਂ ਕਿ ਕਿਸੇ ਇਸਤਰੀ ਨਾਲ ਅਯੋਗ ਸੰਬੰਧ ਨਹੀਂ ਰੱਖੇਗਾ, ਕਿਸੇ ਇੱਕ ਨਾਲ ਸ਼ਾਦੀ ਕਰ ਲਵਾਂਗਾ, ਅੰਮ੍ਰਿਤ ਛਕ ਕੇ ਸਿੰਘ ਸਜ ਜਾਵਾਂਗਾ ਅਤੇ ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਅਨੁਸਾਰੀ ਹੋ ਕੇ ਸੇਵਾ ਕਰਾਂਗਾ। ਉਪਰੰਤ ਗੁਰਦੁਆਰਾ ਸਾਹਿਬ ਦੇ ਪ੍ਰਬੰਧ ਲਈ ਜੋ ਗਿਆਰਾਂ ਮੈਂਬਰੀ ਕਮੇਟੀ ਬਣੀ ਉਸ ਦੇ ਪ੍ਰਧਾਨ ਸ. ਦਾਨ ਸਿੰਘ ਅਤੇ ਸਕੱਤਰ ਸ. ਇੰਦਰ ਸਿੰਘ ਮੁਕੱਰਰ ਹੋਏ। ੮ ਫਰਵਰੀ, ੧੯੨੧ ਈ. ਨੂੰ ਮਹੰਤ ਸੁੰਦਰ ਦਾਸ ਨੇ ਸ੍ਰੀ ਅਕਾਲ ਤਖਤ ਸਾਹਿਬ 'ਤੇ ਹਾਜ਼ਰ ਹੋ ਕੇ ਅੰਮ੍ਰਿਤ-ਪਾਨ ਕੀਤਾ ਅਤੇ ਉਸ ਨੇ ਈਸ਼ਰੀ ਨਾਮੀ ਇਕ ਇਸਤਰੀ ਨਾਲ ਅਨੰਦ ਕਾਰਜ ਕਰਾ ਲਿਆ। ਮਹੰਤ ਦਾ ਨਾਮ ਸ. ਜੁਗਿੰਦਰ ਸਿੰਘ ਅਤੇ ਇਸਤਰੀ ਦਾ ਨਾਮ ਬੀਬੀ

ਗਿਆਨ ਕੌਰ ਰੱਖਿਆ ਗਿਆ। ਇਸ ਦੇ ਨਾਲ ਹੀ ਮਹੰਤ ਗੁਰਦੁਆਰਾ ਕਮੇਟੀ ਦੇ ਅਧੀਨ ਹੋ ਕੇ ਸੇਵਾ ਕਰਨ ਲੱਗਾ।

